



1920 ਤੋਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 105
ਨੰਬਰ 11

੧ ਤੋਂ ੧੬ ਸਾਵਣ ੨੦੮੨ ਬਿ.
15 to 31 July 2025


# ਸਤਿਜੁਗ

10/-

# ਥਾਈਲੈਂਡ ਦੌਰਾ

30 ਮਈ 2025 ਤੋਂ 8 ਜੂਨ 2025









# ਸਤਿਜੁਗ


੧ ਤੋਂ ੧੬ ਸਾਵਣ ੨੦੮੨ ਬਿ.
15 ਤੋਂ 31 ਜੁਲਾਈ 2025 ਈ.
ਜਿਲਦ 105, ਨੰਬਰ 11



ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ,
ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan,
Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ,
ਗੁਰਭਗਤ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*
THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***


# ਤਤਕਰਾ


* ਸੰਪਾਦਕੀ........................................................4
* ਗੁਰਬਾਣੀ ਵਿਆਖਿਆ...........................................6
* ਸ਼ਬਦ, ਸਾਹਿਤ ਤੇ ਕਲਾ ਦੇ ਸਰਪਰਸਤ ਸਤਿਗੁਰੂ ਜਗਜੀਤ ਸਿੰਘ ਜੀ
  ਗੁਰਬਚਨ ਸਿੰਘ ਭੁੱਲਰ..................................8
* ਓਨਾ ਓਡਵਾਇਰ
  ਗੁਰਮੀਤ ਕੜਿਆਲਵੀ.................................13
* ਕਰਹਿ ਜਿ ਗੁਰ ਫੁਰਮਾਇਆ...
  ਗੁਰਲਾਲ ਸਿੰਘ........................................19
* ਜਾਨਨਹਾਰ ਪ੍ਰਭੂ ਪਰਬੀਨ
  ਗੁਰਦਿਆਲ ਸਿੰਘ ਫੌਜੀ...............................22
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ..............................24
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ..........................27
* **God fearing or God loving ? Notes from here and there withHis Holiness Satguru Jagjit Singh Ji**
  **Taranjiet Singh Namdhari..............................30**
* **MURDER OFBEEF BUTCHERS BY KUKAS**
  **Dr. Gurdev Singh Sidhu................................31**
* ਖ਼ਬਰਨਾਮਾ..................................................36


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ


## ਸੰਪਾਦਕੀ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਅਵਤਾਰ ਪਿਤਾ ਮਹਾਰਾਜ ਬੀਰ ਸਿੰਘ ਅਤੇ ਮਾਤਾ ਦਲੀਪ ਕੌਰ ਦੇ ਗ੍ਰਹਿ ਵਿਖੇ ਸ੍ਰੀ ਭੈਣੀ ਸਾਹਿਬ ਹੋਇਆ। ਬਾਲਕ ਦਾ ਤੇਜੱਸਵੀ ਮੱਥਾ ਵੇਖ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮ ਉਦੇ ਸਿੰਘ ਰੱਖਿਆ। ਗੁਰੂ ਪਰਿਵਾਰ ਅਤੇ ਨਾਮਧਾਰੀ ਪੰਥ ਲਈ ਇਹ ਸਮਾਂ ਵੱਡੀਆਂ ਚਣੌਤੀਆਂ ਅਤੇ ਉਲਝਣਾਂ ਨਾਲ ਭਰਿਆ ਸੀ। ਦਿਨੋਂ-ਦਿਨ ਮੁਸ਼ਕਲਾਂ ਦੇ ਬੱਦਲ ਸੰਘਣੇ ਹੁੰਦੇ ਗਏ। ਸਤਿਗੁਰੂ ਪ੍ਰਤਾਪ ਸਿੰਘ ਜੀ ਪੰਜ ਭਾਦਰੋਂ 1959 ਈ. ਨੂੰ ਜੋਤੀ-ਜੋਤਿ ਸਮਾ ਗਏ। ਬੇਅੰਤ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਗੁਰੂ ਨਾਨਕ ਦੇ ਤਖ਼ਤ 'ਤੇ ਬਿਰਾਜਮਾਨ ਹੋਏ। ਪ੍ਰਸਥਿਤੀਆਂ ਨੂੰ ਅਨੁਕੂਲ ਕੀਤਾ। ਮੁਸੀਬਤਾਂ ਦੇ ਬੱਦਲ ਛੱਟਣ ਲੱਗੇ। ਮਾਹੌਲ ਸੁਖਾਵਾਂ ਬਣਿਆ। ਨਾਮਧਾਰੀ ਪੰਥ ਉੱਨਤੀ ਅਤੇ ਸਮਰਿਧੀ ਵੱਲ ਵੱਧਣ ਲੱਗਾ। ਇਸ ਮਾਹੌਲ ਅੰਦਰ ਹੀ ਹਜ਼ੂਰ ਸਤਿਗੁਰੂ ਜੀ ਨੇ ਬਚਪਨ, ਸਿਖਿਆ ਦਿਖਿਆ ਪੂਰੀ ਕੀਤੀ। ਜਦੋਂ ਪੰਜ ਸਾਲ ਦੇ ਹੋਏ ਤਾਂ ਪਹਿਲੀ ਵਾਰ ਆਪ ਦੇ ਸਿਰ 'ਤੇ ਦਸਤਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਹਸਤ ਕਮਲਾ ਨਾਲ ਸਜਾ ਕੇ ਸੰਤ ਸੁਰਜਨ ਸਿੰਘ ਜੀ ਤੋਂ ਭਜਨ ਦਵਾਇਆ। ਸੰਤ ਸੁਰਜਨ ਸਿੰਘ ਜੀ ਨੇ ਹੀ ਆਪ ਨੂੰ ਫਟੀ (ਤਖ਼ਤੀ) 'ਤੇ ਪੂਰਨੇ ਪਾ ਗੁਰਮੁੱਖੀ ਅੱਖਰ ਪਹਿਲੀ ਵਾਰ ਲਿਖਵਾਏ। ਗੁਰੂ ਹਰੀ ਸਿੰਘ

ਮਹਾਂ ਵਿਦਿਆਲੇ ਪੜ੍ਹਦੇ ਸਮੇਂ ਹੀ ਸੰਗੀਤ ਸਿੱਖਿਆ ਸੇਠ ਚੰਦਰਹਾਂਸ ਜੀ ਪਾਸੋਂ ਆਰੰਭ ਕੀਤੀ। ਉਸਤਾਦ ਮਹਿੰਦਰ ਸਿੰਘ, ਉਸਤਾਦ ਹਰਭਜਨ ਸਿੰਘ ਪਾਸੋਂ ਗਾਇਕ ਅਤੇ ਵਾਦਨ ਦੀ ਤਾਲੀਮ ਹਾਸਲ ਕੀਤੀ। ਕਿਰਤ ਦਾ ਸਬਕ ਪੜ੍ਹਾਉਣ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਨੂੰ ਯੁਵਾ ਅਵਸਥਾ ਵਿਚ ਪੈਰ ਧਰਦਿਆਂ ਹੀ ਉਤਰ ਪ੍ਰਦੇਸ ਦੇ ਸ਼ਹਿਰ ਗੋਲਾ ਗੋਕਰਨਾਥ ਨੇੜੇ ਇਕ ਫਾਰਮ ਖਰੀਦ ਕੇ ਇਸ ਦੇ ਵਿਕਾਸ ਅਤੇ ਦੇਖ ਭਾਲ ਲਈ ਨੀਅਤ ਕੀਤਾ। ਉਸ ਸਮੇਂ (1977-78) ਇਸ ਇਲਾਕੇ ਦੇ ਹਾਲਾਤ ਬਹੁਤ ਮਾੜੇ ਸਨ। ਫਾਰਮ ਜਾਂਦੀ ਸੜਕ ਜੰਗਲ ਵਿਚੋਂ ਹੋ ਲੰਘਦੀ ਸੀ ਜਿਥੇ ਆਦਮਖੋਰ ਜਾਨਵਰ ਅਤੇ ਲੁਟੇਰੇ ਅਕਸਰ ਲੋਕਾਂ ਨੂੰ ਸ਼ਿਕਾਰ ਬਣਾਉਂਦੇ ਸਨ। ਮੁਸ਼ਕਿਲ ਚੁਣੌਤੀਆਂ ਨੂੰ ਆਪ ਨੇ ਸਦਾ ਖਿੜੇ ਮਥੇ ਪ੍ਰਵਾਨ ਕੀਤਾ ਹੈ। ਕੁਝ ਸਾਲਾਂ ਵਿਚ ਹੀ ਇਸ ਫਾਰਮ ਦੀ ਰੂਪ ਰੇਖਾ ਬਦਲ ਦਿੱਤੀ। 1982 ਈ. ਦਾ ਹੋਲਾ ਇਸ ਫਾਰਮ ਵਿਚ ਹੋਇਆ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਪਰਖ ਦੀ ਹੁਣ ਦੂਸਰੀ ਕਸਵੱਟੀ ਤਿਆਰ ਸੀ। ਪੰਜਾਬ ਤੋਂ ਹਜਾਰਾਂ ਕੋਹ ਦੂਰ ਬੰਗਲੌਰ ਮੈਸੂਰ ਰੋਡ 'ਤੇ ਇਕ ਨਵੇਂ ਫਾਰਮ ਦੀ ਖਰੀਦ ਕਰੀਬ 1973-74 ਵਿਚ ਕੀਤੀ ਸੀ। ਯੂ.ਪੀ. ਫਾਰਮ ਆਬਾਦ ਹੋਣ ਤੋਂ ਬਾਅਦ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਆਪ ਨੂੰ ਹੁਕਮ ਹੋਇਆ ਕਿ ਬੰਗਲੌਰ ਫਾਰਮ ਨੂੰ ਅਬਾਦ ਕਰੋ। ਇਸ ਫਾਰਮ ਬਾਰੇ ਮਹਾਰਾਜ ਬੀਰ ਸਿੰਘ ਜੀ ਦੇ ਵਿਚਾਰ ਸਨ ਕਿ ਜਿੰਨੀ ਜਲਦੀ ਹੋ ਸਕੇ ਵੇਚ ਦਿੱਤਾ ਜਾਵੇ। ਇਸ ਕਾਰਨ ਵੇਚਣ ਲਈ ਸੌਦਾ ਵੀ ਹੋ ਗਿਆ ਪਰ ਸਤਿਗੁਰੂ ਜੀ ਦਾ ਮਨ ਇਸ ਧਰਤੀ ਨੂੰ ਆਬਾਦ ਕਰਨ ਦਾ ਸੀ। ਵੇਚਣ ਦੇ ਯਤਨ ਅਸਫਲ ਹੋਏ। ਜਦੋਂ ਆਪ ਜੀ ਨੂੰ ਹੁਕਮ ਹੋਇਆ ਤਾਂ ਖਿੜੇ-ਮੱਥੇ ਸਤਬਚਨ ਕਿਹਾ। ਇਸ ਨਵੇਂ ਫਾਰਮ ਵਿਚ ਹਾਲਾਤ ਬਦ ਤੋਂ ਵੀ ਬਦਤਰ ਸਨ। ਨਾਂ ਬੋਲੀ ਦੀ ਸਾਂਝ, ਦਾ ਖਾਣ-ਪਾਣ ਦੀ ਨਾਂ ਸਭਿਆਚਾਰਕ ਸਮਾਨਤਵਾਂ ਹਰ ਪੈਰ 'ਤੇ ਨਵੀਂ ਚੁਣੌਤੀ।

ਆਰੰਭ ਵਿਚ ਸਥਾਨਕ ਲੋਕਾਂ ਨਾਲ ਗਲਤਫਹਿਮੀਆਂ ਕਾਰਨ ਮੱਤਭੇਦ ਵੀ ਪੈਦਾ ਹੋ ਗਏ ਜੋ ਟਕਰਾਅ ਦਾ ਕਾਰਨ ਬਣੇ। ਆਪ ਨੇ ਇਸ ਤਣਾਅ ਦੇ ਮਾਹੌਲ ਨੂੰ ਹੌਲੀ-ਹੌਲੀ ਸੁਖਦਾਇਕ ਅਤੇ ਸੰਤੁਲਿਤ ਮਾਹੌਲ ਵਿਚ ਤਬਦੀਲ ਕੀਤਾ। ਪੱਥਰਾਂ ਦੀ ਧਰਤੀ ਨੂੰ ਪੱਧਰ ਕਰ ਉਪਜਾਊ ਮੈਦਾਨ ਬਣਾਇਆ। ਅੰਗੂਰ ਅੰਬ ਆਦਿ ਫਲਾਂ ਦੀ ਖੁਸ਼ਬੂ ਤੇ ਮਿਠਾਸ ਪੰਜਾਬ ਪਹੁੰਚਣ ਲੱਗੀ। ਸਤਿਗੁਰੂ ਜਗਜੀਤ ਸਿੰਘ ਜੀ ਪੰਜਾਬ ਤੋਂ ਮੁਹਤਬਰ ਸਿਖਾਂ ਨੂੰ ਕਹਿੰਦੇ ਚੱਲੋ ਮੇਰੇ ਨਾਲ, ਮੈਂ ਤੁਹਾਨੂੰ ਕਾਕੇ ਦੀ ਮਿਹਨਤ ਵਿਖਾਵਾਂ, ਕਿਵੇਂ ਜੰਗਲ ਨੂੰ ਆਬਾਦ ਕਰ ਰੌਣਕਾਂ ਲਾਈਆਂ ਹਨ। ਸੈਂਕੜਿਆਂ ਦੀ ਗਿਣਤੀ ਵਿਚ ਸਿੱਖ ਬੰਗਲੌਰ ਫਾਰਮ ਦੇਖਣ ਆਉਂਦੇ। ਸਤਿਗੁਰੂ ਜੀ ਨਵੇਂ ਯੁਗ ਦੇ ਖੇਤੀ ਮਾਡਲ ਨੂੰ ਜੀਵਨ ਨਗਰ ਇਲਾਕੇ ਦੇ ਸਿੱਖਾਂ ਨੂੰ ਸਮਝਾਉਣ ਲਈ ਆਪ ਦੇ ਸੈਮੀਨਾਰ ਕਰਵਾਉਂਦੇ ਅਤੇ ਉਚੇਚਾ ਹਾਜ਼ਰੀ ਵੀ ਭਰਦੇ। ਆਪ ਨੇ ਸਤਿਗੁਰੂ ਜੀ ਦਾ ਹਰ ਹੁਕਮ ਖਿੜੇ ਮੱਥੇ ਮੰਨਿਆ। ਕਦੀ ਕਿਸੇ ਮੱਤਭੇਦ ਵਿਚ ਨਹੀਂ ਪਏ। ਗੁਰੂ ਦੇ ਹੁਕਮ ਨੂੰ ਸਰਵੋਤਮ ਸਮਝਿਆ। ਇਕ ਘਟਨਾ ਦਾ ਜ਼ਿਕਰ ਸੇਵਕ ਹਰਪਾਲ ਸਿੰਘ ਆਪਣੇ ਆਰਟੀਕਲ "ਅੱਧੀ ਸਦੀ ਦੀ ਸਾਧਨਾ ਅਤੇ ਇਕ ਦਹਾਕੇ ਦੀ ਸੇਵਾ" ਵਿੱਚ ਕਰਦੇ ਹਨ-

ਇੱਕ ਸੰਨ 1993-94 ਦਾ ਵਾਕਿਆਤ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਰਾਮਪੁਰਾ ਫੂਲ ਵਿਖੇ ਦਰਸ਼ਨ ਦੇ ਰਹੇ ਸਨ। ਅਵਤਾਰ ਸਿੰਘ ਘੁੰਮਣ, ਸੰਤ ਤਰਸੇਮ ਸਿੰਘ, ਧਿਆਨ ਸਿੰਘ ਹਜ਼ੂਰੀ ਸੇਵਕ ਅਤੇ ਕੁਝ ਸਥਾਨਕ ਸਿੰਘ ਸ੍ਰੀ ਚਰਨਾਂ ਵਿੱਚ ਬੈਠੇ ਸਨ। ਬਚਨ ਬਿਲਾਸ ਹੁੰਦਿਆਂ ਸ੍ਰੀ ਸਤਿਗੁਰੂ ਜੀ ਬਚਨ ਕੀਤਾ- ਮੇਰਾ ਜੀਅ ਕਰਦਾ ਹੈ ਕਿ ਕਾਫੀ ਸਾਰੀ ਜਗ੍ਹਾ ਖਰੀਦ ਕੇ ਵਧੀਆ ਘਰ ਬਣਾ ਕੇ ਉਨ੍ਹਾਂ ਸਿੱਖਾਂ ਨੂੰ ਦੇ ਦੇਈਏ ਜਿਨ੍ਹਾਂ ਦੇ ਆਪਣੇ ਘਰ ਨਹੀਂ ਹਨ, ਇਕ ਵਧੀਆ ਨਗਰ ਹੀ ਵੱਸ ਜਾਵੇ- ਪਾਸ ਬੈਠੇ ਸੰਤ ਤਰਸੇਮ ਸਿੰਘ ਜੀ ਨੇ ਸ਼ੰਕਾ ਪ੍ਰਗਟ ਕੀਤੀ "ਗਰੀਬ ਨਿਵਾਜ ਆਪ ਜੀ ਤੇ ਗੁਰੂ ਪਰਿਵਾਰ 'ਚੋਂ ਕੋਈ ਨਹੀਂ ਗਿਆ, ਆਪ ਜੀ ਵਰਗੀ ਸੋਚ ਹੋਰ ਕਿਸੇ ਦੀ ਨਹੀਂ।"

"ਛੋਟਾ ਕਾਕਾ ਮੇਰੇ ਵਰਗਾ ਹੈ, ਉਸਨੇ ਬੰਗਲੌਰ ਫਾਰਮ ਦੇ ਨਾਲ ਲਗਦੇ ਪਿੰਡ ਪਾਸ ਇਕ ਕਲੋਨੀ ਬਣਾ ਕੇ ਗਰੀਬ ਲੋਕਾਂ ਨੂੰ ਦੇਣ ਲਈ ਘਰ ਬਣਾਏ, ਉਹ ਲੋਕ ਸਿੱਖ ਵੀ ਨਹੀਂ। ਉਨ੍ਹਾਂ ਨੂੰ ਘਰਾਂ ਦੀਆਂ ਚਾਬੀਆਂ ਮੇਰੇ ਤੋਂ ਦਵਾਈਆਂ, ਉਸ ਦੀ ਸੋਚ ਮੇਰੇ ਵਰਗੀ ਹੈ।" ਸ੍ਰੀ ਸਤਿਗੁਰੂ ਜੀ ਨੇ ਖੁਸ਼ੀ ਪ੍ਰਗਟਾਉਂਦਿਆਂ ਬਚਨ ਕੀਤਾ।

ਸਤਿਗੁਰੂ ਜਗਜੀਤ ਸਿੰਘ ਜੀ ਵੱਡ ਪਰਿਵਾਰ (ਨਾਮਧਾਰੀ ਪੰਥ) ਨੂੰ ਸੰਭਾਲਣ, ਸੰਵਾਰਨ ਅਤੇ ਨਵੀਆਂ ਉਨਤੀਆਂ ਬਖ਼ਸ਼ਣ ਲਈ ਆਪ ਨੂੰ ਤਿਆਰ ਕੀਤਾ। ਅੱਜ ਬਾਰਾਂ ਸਾਲਾਂ ਬਾਅਦ ਜਦੋਂ ਅਸੀਂ ਇਸ ਵਿਕਾਸ ਕੜੀ ਨੂੰ ਵੇਖਦੇ ਹਾਂ ਤਾਂ ਇਕ ਗੌਰਵ ਮਹਿਸੂਸ ਕਰਦੇ ਹਾਂ ਕਿ ਸਾਨੂੰ ਹਜ਼ੂਰ ਸਤਿਗੁਰੂ ਦੀ ਯੋਗ ਅਗਵਾਈ ਮਿਲੀ।

# ਗੁਰਬਾਣੀ ਵਿਆਖਿਆ - ਆਸਾ ਦੀ ਵਾਰ

**ਵੇਖਿ ਵਿਡਾਣੁ ਰਹਿਆ ਵਿਸਮਾਦੁ ॥**
ਇਸ ਅਸਚਰਜਤਾ ਨੂੰ ਵੇਖ ਕੇ ਹੀ ਇਨਸਾਨ ਅਸਚਰਜ ਹੋ ਰਿਹਾ ਹੈ।
One is astonished by the creation of the Lord.

**ਨਾਨਕ ਬੁਝਣੁ ਪੂਰੈ ਭਾਗਿ ॥੧॥**
ਸ੍ਰੀ ਗੁਰੂ ਜੀ ਕਹਿੰਦੇ ਹਨ ਪਰਮੇਸ਼ਰ ਦੀ ਅਸਚਰਜਤਾ ਨੂੰ ਪੂਰਨ ਭਾਗਾਂ ਵਾਲਾ ਗਿਆਨਵਾਨ ਹੀ ਸਮਝ ਸਕਦਾ ਹੈ।
Sri Guru Ji says: fortunate are the ones who realize the wonderous creation.

**ਮਃ ੧॥ ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥**
ਜੋ ਕੁਝ ਦਿਸਦਾ ਤੇ ਸੁਣਦਾ ਹੈ, ਇਹ ਸਭ ਪ੍ਰਭੂ ਦੀ ਕੁਦਰਤ ਹੈ,
ਕੁਦਰਤ (ਪਰਮੇਸ਼ਰ) ਦੇ ਭੈ ਵਿੱਚ ਰਹਿਣਾ ਹੀ ਸੁੱਖਾਂ ਦਾ ਸਾਰ ਹੈ।
Whatever we see and hear is the nature of God.
The source of happiness is to remain within the fear of God.

**ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥**
ਧਰਤੀ ਦੇ ਹੇਠਾਂ ਅਤੇ ਉੱਤੇ ਜੋ ਵੀ ਦਿਸਦਾ ਹੈ ਇਹ ਸਭ ਕੁਦਰਤ ਹੀ ਹੈ।
Everything below and above earth is God's nature.

**ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥**
ਵੇਦਾਂ, ਪੁਰਾਣਾਂ ਅਤੇ ਕਤੇਬਾਂ ਵਿੱਚ ਦੱਸੀਆਂ ਗਈਆਂ ਸਾਰੀਆਂ ਵਿਚਾਰਾਂ ਤੇਰੀ ਕੁਦਰਤ ਬਾਰੇ ਹੀ ਹਨ।
All religious scriptures describe Nature.

**ਕੁਦਰਤਿ ਖਾਣਾ ਪੀਣਾ ਪੈਨਣੁ ਕੁਦਰਤਿ ਸਰਬ ਪਿਆਰੁ ॥**
ਭਿੰਨ-ਭਿੰਨ ਪ੍ਰਕਾਰ ਦੇ ਖਾਣ, ਪੀਣ ਅਤੇ ਪਹਿਨਣ ਨੂੰ ਆਪੋ-ਆਪਣੇ ਢੰਗ ਨਾਲ ਪ੍ਰੇਮ ਕਰਨਾ ਵੀ ਕੁਦਰਤ ਹੈ।
Eating, drinking, dressing, and loving, are all God's nature.

**ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥**
ਸੰਸਾਰ ਵਿੱਚ ਵੱਖ-ਵੱਖ ਜਾਤਾਂ, ਨਸਲਾਂ ਅਤੇ ਰੰਗਾਂ ਦੇ ਲੋਕ ਵੀ ਕੁਦਰਤ (ਮਾਇਆ) ਦਾ ਹਿੱਸਾ ਹਨ।
All races, species and colors are the creation of God's nature.

**ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥**
ਮਨੁੱਖਾਂ ਵਿੱਚ ਚੰਗਿਆਈਆਂ-ਬੁਰਿਆਈਆਂ ਅਤੇ ਹਉਮੈ-ਹੰਕਾਰ ਵਿੱਚ ਵੀ ਕੁਦਰਤ ਹੀ ਹੈ।
Good and bad qualities, respect and ego, are all God's nature.

**ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥**
ਹਵਾ, ਪਾਣੀ, ਅੱਗ ਅਤੇ ਧਰਤੀ ਦੀ ਮਿੱਟੀ ਵਿੱਚ ਵੀ ਕੁਦਰਤ ਹੀ ਹੈ।
Air, water, fire, and soil, are God's nature.

**ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥**
ਹੇ ਪ੍ਰਭੂ! ਇਹ ਸਾਰੀ ਰਚਨਾ ਤੇਰੇ ਦੁਆਰਾ ਸਿਰਜੀ ਗਈ ਹੈ ਅਤੇ ਤੂੰ ਹੀ ਇਸ ਕੁਦਰਤ ਦਾ ਕਰਤਾ ਹੈਂ,
ਤੇਰਾ ਨਾਮ ਪਵਿੱਤਰ ਤੋਂ ਵੀ ਪਵਿੱਤਰ ਹੈ।
Nature has been created by You, You are immaculate, Your glory is immaculate.

**ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥੨॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਪ੍ਰਭੂ ਸਾਰੇ ਜੀਵਾਂ ਨੂੰ ਹੁਕਮ ਵਿੱਚ ਰੱਖ ਕੇ
ਆਪਣੀ ਇੱਕ ਰਸ ਵਰਤਦੀ ਲੀਲਾ ਵੇਖ ਰਿਹਾ ਹੈ।
Sri Guru Ji says that God commands everyone and watches His worldly drama unfold.

**ਪਉੜੀ॥ ਆਪੀਨੈ੍ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥**
ਜੀਵ ਭੋਗਾਂ ਨੂੰ ਭੋਗ ਕੇ ਮਿੱਟੀ ਦੀ ਢੇਰੀ ਹੋ ਜਾਂਦਾ ਹੈ ਅਤੇ ਜੀਵ ਆਤਮਾ ਰੂਪੀ ਭੌਰ ਉਡਾਰੀ ਮਾਰ ਗਿਆ।
After being engrossed in worldly pleasures,
one reduces to a pile of ashes and the soul passes away

**ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥**
ਮਾਣ-ਵਡਿਆਈ ਤੇ ਦੁਨਿਆਵੀ ਧੰਦਿਆਂ 'ਚ ਗ੍ਰਸਿਆ ਅਤੇ
ਹਉਮੈ ਦੇ ਸੰਗਲਾਂ ਵਿੱਚ ਜਕੜਿਆ ਮਨੁੱਖ ਇੱਥੋਂ ਤੋਰ ਦਿੱਤਾ ਗਿਆ।
A person with high stature and ego, is led away with chains around his neck after death.

**ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥**
ਅੱਗੇ ਉਸ ਦੀ ਕਰਨੀ ਅਤੇ ਜੱਸ ਦਾ ਹਿਸਾਬ ਕਰਕੇ ਧਰਮਰਾਜ ਨੇ ਲੇਖਾ ਸਮਝਾਇਆ।
That person's virtues and deeds are accounted for in the court of *Dharamraj*,
and then his account is read.

**ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥**
ਮਾੜੇ ਕੰਮਾਂ ਕਰਕੇ ਉਸਨੂੰ ਥਾਂ ਨਹੀਂ ਮਿਲਦੀ ਤੇ ਹੁਣ ਉਸ ਦੇ ਰੋਣ ਨੂੰ ਕੌਣ ਸੁਣੇ?
A sinner does not find a shelter there,
no one pays any attention to his cries.

**ਮਨਿ ਅੰਧੈ ਜਨਮੁ ਗਵਾਇਆ॥੩॥**
ਅਗਿਆਨੀ ਨੇ ਜ਼ਿੰਦਗੀ ਨੂੰ ਵਿਅਰਥ ਹੀ ਗੁਆ ਲਿਆ।
The ignorant person wasted his life.

**ਨਾਮਧਾਰੀ ਨਿਤਨੇਮ ਸਟੀਕ ਵਿਚੋਂ**

# ਸ਼ਬਦ, ਸਾਹਿਤ ਤੇ ਕਲਾ ਦੇ ਸਰਪਰਸਤ ਸਤਿਗੁਰੂ ਜਗਜੀਤ ਸਿੰਘ ਜੀ



**ਗੁਰਬਚਨ ਸਿੰਘ ਭੁੱਲਰ**

ਸਵਾ ਤਰਵੰਜਾ ਸਾਲ ਦਾ ਸਮਾਂ, ਜੋ ਮਨੁੱਖੀ ਜੀਵਨ ਵਿੱਚ ਬਹੁਤ ਲੰਮਾ ਸਮਝਿਆ ਜਾ ਸਕਦਾ ਹੈ, ਸਮਾਜਿਕ ਇਤਿਹਾਸ ਵਿੱਚ ਇੱਕ ਛਿਣ ਵਾਂਗ ਹੁੰਦਾ ਹੈ। ਪਰ ਜੇ ਕਿਸੇ ਸਮਾਜ, ਪੰਥ ਜਾਂ ਭਾਈਚਾਰੇ ਦੀ ਅਗਵਾਈ ਸਮਰੱਥ ਹੱਥਾਂ ਵਿਚ ਹੋਵੇ, ਏਨਾ ਸਮਾਂ ਵੀ ਵੱਡੀਆਂ ਪ੍ਰਾਪਤੀਆਂ ਦਾ ਮਾਣ ਕਰ ਸਕਦਾ ਹੈ। ਆਪਣੇ ਗੁਰੂ-ਕਾਲ ਦੇ ਅੱਧੀ ਸਦੀ ਤੋਂ ਕੁਝ ਵੱਧ ਦੇ ਸਮੇਂ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਥ-ਪ੍ਰਦਰਸ਼ਨ ਅਧੀਨ ਨਾਮਧਾਰੀ ਪੰਥ ਦਾ ਇਤਿਹਾਸ ਇਸ ਦੀ ਇੱਕ ਮਿਸਾਲ ਹੈ।

1959 ਦੇ ਦਸ ਸਤੰਬਰ ਨੂੰ ਜਦੋਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਗੁਰਿਆਈ ਦੀ ਦਸਤਾਰ ਸਜੀ ਸੀ, ਨਾਮਧਾਰੀ ਪੰਥ ਦੇ ਪੈਰਾਂ ਹੇਠਲੀ ਪਗਡੰਡੀ ਅਜੇ ਕੰਕਰਾਂ, ਕੰਡਿਆਂ ਅਤੇ ਟੋਇਆਂ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਸੀ ਹੋਈ। ਦੇਸ ਨੂੰ ਆਜ਼ਾਦ ਹੋਇਆਂ ਅਜੇ ਕੁੱਲ ਬਾਰਾਂ ਸਾਲ ਹੋਏ ਸਨ। ਸਤਿਗੁਰੂ ਰਾਮ ਸਿੰਘ ਜੀ ਵੱਲੋਂ ਆਜ਼ਾਦੀ ਲਈ ਮਾਰੀ ਗਈ ਲਲਕਾਰ ਅਤੇ ਦਿੱਤੀ ਗਈ ਵੰਗਾਰ ਦੇ ਮਹੱਤਵ ਨੂੰ ਅੰਗਰੇਜ਼ ਚੰਗੀ ਤਰ੍ਹਾਂ ਸਮਝਦੇ ਸਨ। ਆਪਣੇ ਵਿਸ਼ਵਾਸ ਲਈ ਜਾਨਾਂ ਵਾਰਨ ਦੀ ਅਤੇ ਸਤਿਗੁਰੂ ਜੀ ਦੇ ਹਰ ਹੁਕਮ ਉੱਤੇ ਫੁੱਲ ਚਾੜ੍ਹਨ ਦੀ ਨਾਮਧਾਰੀਆਂ ਦੀ ਪ੍ਰੰਪਰਾ ਤੋਂ ਵੀ ਅੰਗਰੇਜ਼ ਭਲੀ ਪ੍ਰਕਾਰ ਜਾਣੂ ਸਨ। ਇਸੇ ਕਰਕੇ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ-ਨਿਕਾਲਾ ਦੇ ਕੇ ਨਾਮਧਾਰੀਆਂ ਨੂੰ ਉਹਨਾਂ ਦੀ ਅਗਵਾਈ ਤੋਂ ਵਿਰਵਾ ਕਰਨ ਦੇ ਯਤਨ ਦੇ ਬਾਵਜੂਦ ਅੰਗਰੇਜ਼ ਨੂੰ ਪੰਜਾਬ ਵਿੱਚ ਸੌਖਾ ਸਾਹ ਨਹੀਂ ਸੀ ਆ ਰਿਹਾ।

ਸਤਿਗੁਰੂ ਰਾਮ ਸਿੰਘ ਜੀ ਦੀ ਜਗਾਈ ਆਜ਼ਾਦੀ ਦੀ ਜੋਤ ਨੂੰ ਬੁਝਾਉਣ ਲਈ ਅੰਗਰੇਜ਼ ਨੂੰ ਇਕੋ ਢੰਗ ਸੁੱਝਿਆ, ਨਾਮਧਾਰੀਆਂ ਉੱਤੇ ਤਿੱਖੀ ਨਜ਼ਰ ਰੱਖਣੀ ਤੇ ਬਹੁਭਾਂਤੀ ਪਾਬੰਦੀਆਂ ਲਾਉਣਾ ਅਤੇ ਸ੍ਰੀ ਭੈਣੀ ਸਾਹਿਬ ਦੀਆਂ ਸਰਗਰਮੀਆਂ ਨੂੰ ਪੁਲਸੀ ਸੰਗਲਾਂ ਵਿੱਚ ਜਕੜਨਾ। ਇਤਿਹਾਸ ਇਸ ਗੱਲ ਦਾ ਸਿਹਰਾ ਪਹਿਲਾਂ ਸਤਿਗੁਰੂ ਹਰੀ ਸਿੰਘ ਜੀ ਅਤੇ ਫੇਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਿਰ ਬੰਨ੍ਹੇਗਾ ਕਿ ਉਹਨਾਂ ਨੇ ਇਸ ਸਭ ਕੁਝ ਦੇ ਬਾਵਜੂਦ ਸਤਿਗੁਰੂ ਰਾਮ ਸਿੰਘ ਜੀ ਦੀ ਜਗਾਈ ਆਜ਼ਾਦੀ ਦੀ ਜੋਤ ਨੂੰ ਦ੍ਰਿੜ੍ਹ ਵਿਸ਼ਵਾਸ, ਅਡੋਲ ਉਦੇਸ਼ ਅਤੇ ਬੇਮਿਸਾਲ ਸਿਰੜ ਦੇ ਤੇਲ ਦੀ ਬੂੰਦ-ਬੂੰਦ ਪਾ ਕੇ ਜਗਦੀ ਰੱਖਿਆ।

ਉੱਨੀ ਸੌ ਸੰਤਾਲੀ ਵਿਚ ਦੇਸ ਆਜ਼ਾਦ ਹੋਇਆ ਤਾਂ ਸ੍ਰੀ ਭੈਣੀ ਸਾਹਿਬ ਲਈ ਪੈਦਾ ਕੀਤੇ ਉਪਰੋਕਤ ਗਲ-ਘੋਟੂ ਮਾਹੌਲ ਵਿਚ ਵੀ ਸੱਜਰੀ ਪੌਣ ਰੁਮਕਣ ਲੱਗੀ। ਸੁਭਾਵਿਕ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਾਹਮਣੇ ਪ੍ਰਮੁੱਖ, ਸਗੋਂ ਇਕੋ-ਇਕ ਨਿਸ਼ਾਨਾ ਨਾਮਧਾਰੀ ਪੰਥ ਦਾ ਬਿਖਰਾਉ ਖ਼ਤਮ ਕਰ ਕੇ ਉਸ ਨੂੰ ਨਵੇਂ ਸਿਰਿਉਂ ਸੰਗਠਿਤ ਕਰਨਾ ਅਤੇ ਭਵਿੱਖੀ ਨਾਮਧਾਰੀ ਵਿਕਾਸ ਦੇ ਮਾਰਗ ਦੇ ਕੰਕਰ ਤੇ ਕੰਡੇ ਚੁਗ ਕੇ ਉਸ ਨੂੰ ਸਵਾਹਰਾ ਬਣਾਉਣਾ ਸੀ। ਉਹਨਾਂ ਨੇ ਇੱਕ ਪਲ ਵੀ ਗੁਆਏ ਬਿਨਾਂ ਆਪਣੀ ਸਾਰੀ ਸ਼ਕਤੀ ਇਸੇ ਨਿਸ਼ਾਨੇ ਉੱਤੇ ਕੇਂਦਰਿਤ ਕਰ ਦਿੱਤੀ। ਪਰ ਅੰਗਰੇਜ਼ ਦੇ ਨਾਮਧਾਰੀ-ਦਮਨ ਦੇ ਸਿੱਟੇ ਏਨੇ ਸਤਹੀ ਨਹੀਂ ਸਨ ਕਿ ਕੁਝ ਹੀ ਸਮੇਂ ਵਿਚ ਖ਼ਤਮ ਕੀਤੇ ਜਾ ਸਕਦੇ।

ਇਸ ਉਪਰੰਤ ਆਜ਼ਾਦੀ ਦੀ ਖ਼ੁਸ਼ੀ ਦੇ ਨਾਲ ਹੀ ਦੇਸ ਲਈ ਜੋ ਮੁਸੀਬਤਾਂ ਅਤੇ ਸਮੱਸਿਆਵਾਂ ਬਣੀਆਂ, ਉਹਨਾਂ ਨੇ ਵੀ ਇਹ ਕਾਰਜ ਏਨਾ ਸੌਖਾ ਨਾ ਰਹਿਣ ਦਿੱਤਾ। ਵੱਡੀ ਮੁਸੀਬਤ ਉਸ ਸਮੇਂ ਬਣੀ ਜਦੋਂ ਨਾਮਧਾਰੀ ਪੰਥ ਆਪਣੇ ਪੁਨਰ-ਗਠਨ ਅਤੇ ਪ੍ਰਫੁੱਲਤਾ ਦੇ ਰਾਹ ਨੂੰ ਸ਼ਾਹਰਾਹ ਬਣਿਆ ਦੇਖਣ ਤੋਂ ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਗਵਾਈ ਤੋਂ ਵੰਚਿਤ ਹੋ ਗਿਆ।

ਇਹ ਸਨ ਉਹ ਹਾਲਾਤ ਜਿਨ੍ਹਾਂ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰਿਆਈ ਸੰਭਾਲੀ। ਉਹਨਾਂ ਨੇ ਪਿਤਾ-ਗੁਰੂ ਦੀ ਸੌਂਪੀ ਮਸ਼ਾਲ ਨੂੰ ਜਿਵੇਂ ਹੋਰ ਵਧੇਰੇ ਲਟ-ਲਟ ਬਾਲਿਆ, ਨਾਮਧਾਰੀ ਪੰਥ ਦੇ ਪੈਰਾਂ ਹੇਠਲੀ ਪਗਡੰਡੀ ਨੂੰ ਸ਼ਾਹਰਾਹ ਵਿੱਚ ਬਦਲਿਆ ਅਤੇ ਅਨੇਕ ਸੰਸਾਰਕ ਤੇ ਅਧਿਆਤਮਕ ਪੱਖਾਂ ਤੋਂ ਸਫਲਤਾਵਾਂ ਦੇ ਭਾਗੀ ਬਣਾਇਆ, ਇਹ ਸਾਡੀਆਂ ਅੱਖਾਂ ਸਾਹਮਣੇ ਵਰਤਿਆ ਵਰਤਾਰਾ ਹੈ। ਵਿਰੋਧੀ ਹਾਲਾਤ ਵਿਚ ਨਾਮਧਾਰੀ ਬਿਰਛ ਦੀ ਜੜ ਨੂੰ ਸਾਂਭ ਰੱਖਣਾ ਸਤਿਗੁਰੂ ਹਰੀ ਸਿੰਘ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਹਿੱਸੇ ਆਇਆ ਸੀ। ਹੁਣ ਇਸ ਜੜ ਨੂੰ ਪ੍ਰਫੁੱਲਤ ਕਰ ਕੇ ਦੁਬਾਰਾ ਬਿਰਛ ਦੇ ਰੂਪ ਵਿਚ ਵਿਕਸਿਤ ਕਰਨਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਿੱਸੇ ਆਇਆ।

ਇਸ ਸਮੇਂ ਦੌਰਾਨ ਨਾਮਧਾਰੀ ਪੰਥ ਨਾ ਕੇਵਲ ਪਹਿਲੇ ਹਰ ਸਮੇਂ ਨਾਲੋਂ ਵਧੀਕ ਸੰਗਠਿਤ ਹੋਇਆ, ਸਗੋਂ ਭਾਰਤ ਤੋਂ ਬਾਹਰ ਦੁਨੀਆਂ ਦੇ ਅਨੇਕ ਦੇਸਾਂ ਵਿਚ ਨਾਮਧਾਰੀ ਸਿੱਖਾਂ ਨੇ ਕਾਰੋਬਾਰ ਵਿਚ ਭਾਰੀ ਨਾਮਣਾ ਖੱਟਿਆ। ਚਾਰੇ ਪਾਸੀਂ ਫੈਲੇ ਹੋਏ ਧਾਰਮਿਕ ਬੇਮੁਖਤਾ ਅਤੇ ਪਤਿਤਪੁਣੇ ਦੇ ਮਾਹੌਲ ਵਿਚ ਨਾਮਧਾਰੀ ਸਿੱਖਾਂ ਨੂੰ ਰਹਿਤ-ਮਰਯਾਦਾ ਦੇ ਪਰਪੱਕ ਬਣਾਈ ਰੱਖਣਾ ਕੋਈ ਸਾਧਾਰਨ ਗੱਲ ਨਹੀਂ। ਪਰ ਨਾਮਧਾਰੀ ਪੰਥ ਦਾ ਵਿਕਾਸ ਅਤੇ ਪਸਾਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖ਼ਸੀਅਤ ਦਾ ਇੱਕ ਪ੍ਰਮੁੱਖ ਪੱਖ ਤਾਂ ਹੈ, ਇੱਕੋ-ਇੱਕ ਪੱਖ ਨਹੀਂ। ਕਈ ਪੱਖ ਹੋਰ ਅਜਿਹੇ ਹਨ ਜਿਨ੍ਹਾਂ ਦੀ ਆਪਣੀ ਥਾਂ ਵੱਡੀ ਮਹੱਤਤਾ ਹੈ।

ਅਧਿਆਤਮ ਦੇ ਨਾਲ-ਨਾਲ ਸਕੂਲੀ, ਕਾਲਜੀ ਵਿੱਦਿਆ ਅਤੇ ਖੇਡਾਂ ਉੱਤੇ ਉਹਨਾਂ ਦਾ ਜ਼ੋਰ ਬੜਾ ਮੁੱਲਵਾਨ ਹੈ। ਹਾਕੀ ਦੇ ਖੇਤਰ ਵਿਚ ਸਰਬੋਤਮ ਪੱਧਰ ਦੇ ਖਿਡਾਰੀ ਨਾਮਧਾਰੀ ਪੰਥ ਦਾ ਝੰਡਾ ਪ੍ਰਸਿੱਧ ਮੁਕਾਬਲਿਆਂ ਵਿਚ ਉੱਚਾ ਝੁਲਾਉਂਦੇ ਹਨ।

ਗਊਆਂ ਦੀ ਰਾਖੀ ਨਾਮਧਾਰੀ ਇਤਿਹਾਸ ਦਾ ਇੱਕ ਅਟੁੱਟ ਅੰਗ ਹੈ। ਪੰਜਾਬ ਉੱਤੇ ਕਬਜ਼ੇ ਤੋਂ ਮਗਰੋਂ ਸ਼ਹਿਰਾਂ ਵਿਚ ਗਊਆਂ ਦੇ ਬੁੱਚੜਖਾਨਿਆਂ ਦੀ ਸ਼ਰਾਰਤੀ ਆਗਿਆ ਅੰਗਰੇਜ਼ਾਂ ਨਾਲ ਨਾਮਧਾਰੀ ਸਿੱਖਾਂ ਦੇ ਮੁੱਢਲੇ ਵੱਡੇ ਟਕਰਾਵਾਂ ਦਾ ਕਾਰਨ ਬਣੀ। ਗਊ-ਰੱਖਿਆ ਦੀ ਇਸ ਪ੍ਰੰਪਰਾ ਨੂੰ ਕਾਇਮ ਰਖਦਿਆਂ ਸਤਿਗੁਰੂ ਜਰਜੀਤ ਸਿੰਘ ਜੀ ਇੱਕ ਆਧੁਨਿਕ ਗਊਪਾਲਕ ਵਜੋਂ ਜਾਣੇ ਗਏ।

ਅਜਿਹਾ ਹੀ ਇਕ ਹੋਰ ਪੁੰਨ-ਕਾਰਜ ਉਹਨਾਂ ਦਾ ਬਿਰਧਾਂ ਵੱਲ ਸਨੇਹੀ ਰਵੱਈਆ ਸੀ। ਸ੍ਰੀ ਭੈਣੀ ਸਾਹਿਬ ਦੇ ਬਿਰਧ-ਆਸ਼ਰਮ ਦਾ ਮਿਆਰ ਇਸ ਤੱਥ ਦੀ ਹਾਮੀ ਭਰਦਾ ਹੈ।

ਉਹ ਬਜ਼ੁਰਗ ਤੇ ਬੀਮਾਰ ਸਾਹਿਤਕਾਰਾਂ ਦੀ ਬਾਂਹ ਉਚੇਚੇ ਸਨੇਹ ਨਾਲ ਫੜਦੇ ਸਨ। ਜਦੋਂ ਸੁਰਜੀਤ ਖ਼ੁਰਸ਼ੀਦੀ ਨੂੰ ਬੁਢਾਪੇ ਵਿਚ ਸਹਾਰੇ ਦੀ ਲੋੜ ਸੀ, ਕੁਛ ਸ਼ੁਭਚਿੰਤਕਾਂ ਦੀ ਬੇਨਤੀ ਦੇ ਜਵਾਬ ਵਿਚ ਉਹਨਾਂ ਨੇ ਉਹਨੂੰ ਭੈਣੀ ਸਾਹਿਬ ਬੁਲਾ ਲਿਆ ਅਤੇ ਉਹਦੇ ਲਿਖਣ-ਪੜ੍ਹਨ ਦਾ ਖ਼ਿਆਲ ਕਰਦਿਆਂ ਉਹਨੂੰ ਨਵੇਕਲਾ ਕਮਰਾ ਦੇ ਦਿੱਤਾ। ਪ੍ਰੀਤਮ ਸਿੰਘ ਕਵੀ ਨੂੰ ਵੀ ਘਰ ਵਿਚ ਹੋ ਰਹੀ ਠੀਕ ਸੰਭਾਲ ਦੇ ਬਾਵਜੂਦ, ਭੈਣੀ ਸਾਹਿਬ ਬੁਲਾ ਲਿਆ ਗਿਆ ਸੀ ਤਾਂ ਜੋ ਸਰੀਰਕ ਸੰਭਾਲ ਦੇ ਨਾਲ-ਨਾਲ ਉਥੋਂ ਦੀ ਰੌਣਕ ਵਿਚ ਉਹਨਾਂ ਦਾ ਮਨ ਵੀ ਲੱਗਿਆ ਰਹੇ। ਇਸੇ ਤਰ੍ਹਾਂ ਜਦੋਂ ਸਤਿਗੁਰੂ ਜੀ ਨੇ ਦੇਖਿਆ ਕਿ ਜਗਦੀਸ਼ ਸਿੰਘ ਵਰਿਆਮ ਨੂੰ ਸਰੀਰਕ ਅਹੁਰ ਕਾਰਨ ਪੂਰੀ ਲਗਨ ਨਾਲ ਕੀਤੀ ਜਾਂਦੀ ਪਰਿਵਾਰਕ ਸੇਵਾ-ਸੰਭਾਲ ਤੋਂ ਵਧੀਕ ਸੰਭਾਲ ਦੀ ਲੋੜ ਹੈ, ਉਹਨਾਂ ਨੂੰ ਭੈਣੀ ਸਾਹਿਬ ਬੁਲਾ ਲਿਆ ਗਿਆ। ਡੇਢ ਮਹੀਨਾ ਬੀਤਿਆ ਸੀ ਕਿ ਅਚਾਨਕ ਇਕ ਸਵੇਰ ਉਹਨਾਂ ਦੀ ਹਾਲਤ ਵਿਗੜ ਗਈ ਤੇ ਉਹ ਬੇਹੋਸ਼ੀ ਵਿਚ ਚਲੇ ਗਏ। ਇੱਕਦਮ ਉਹਨਾਂ ਨੂੰ ਲੁਧਿਆਣੇ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਵਿਚ ਪਹੁੰਚਾ ਦਿੱਤਾ ਗਿਆ। ਸਤਿਗੁਰੂ ਜੀ ਨੇ ਉਸ ਹਾਲਤ ਵਿਚ ਘਰੇ ਸੰਭਾਲ ਅਸੰਭਵ ਦੇਖ ਕੇ ਉਹਨਾਂ ਨੂੰ ਹਸਪਤਾਲ ਵਿਚ ਹੀ ਰੱਖਣ ਦਾ ਆਦੇਸ਼ ਦਿੱਤਾ ਜਿਥੇ ਆਖ਼ਰ ਲਗਭਗ ਸਵਾ ਸਾਲ ਲੰਮੀ ਬੇਹੋਸ਼ੀ ਪਿੱਛੋਂ ਉਹਨਾਂ ਨੇ ਸਵਾਸ ਤਿਆਗੇ।

ਵੱਖ-ਵੱਖ ਥਾਂਵਾਂ ਉੱਤੇ ਕਈ ਨਾਮਧਾਰੀ ਫ਼ਾਰਮ ਆਧੁਨਿਕ ਵਿਗਿਆਨਕ ਅਤੇ ਕੁਦਰਤੀ ਖੇਤੀ ਦੀ ਇੱਕ ਰੀਸਜੋਗ ਉਦਾਹਰਨ ਹਨ। ਕੁਝ ਸਾਲ ਪਹਿਲਾਂ ਮੈਨੂੰ ਬੰਗਲੌਰ ਨੇੜਲਾ ਵਿਸ਼ਾਲ ਨਾਮਧਾਰੀ ਫ਼ਾਰਮ ਵੇਖਣ ਦਾ ਅਵਸਰ ਪ੍ਰਾਪਤ ਹੋਇਆ ਸੀ। ਵਰਤਮਾਨ ਸਤਿਗੁਰੂ ਸ੍ਰੀ ਉਦੇ ਸਿੰਘ ਜੀ ਦੀ ਦੇਖ-ਭਾਲ ਹੇਠ ਇਸ ਫ਼ਾਰਮ ਦੀ ਕਾਰਗੁਜ਼ਾਰੀ ਦੰਗ ਕਰ ਦੇਣ ਵਾਲੀ ਸੀ। ਨਿਪੁੰਨ ਵਿਗਿਆਨੀਆਂ ਅਧੀਨ ਚੱਲ ਰਹੀ ਪ੍ਰਯੋਗਸ਼ਾਲਾ, ਉੱਤਮ ਕਿਸਮ ਦੇ ਅੰਬ ਤੇ ਨਾਰੀਅਲ, ਅਨੇਕਾਂ ਦੇਸਾਂ ਨੂੰ ਬਰਾਮਦ ਲਈ ਤਿਆਰ ਕੀਤੇ ਜਾਂਦੇ ਫੁੱਲਾਂ ਤੇ ਸਬਜ਼ੀਆਂ ਦੇ ਬੀਜ਼।

ਇਸ ਸਭ ਕੁਝ ਤੋਂ ਵੱਧ ਧਿਆਨ ਖਿੱਚਣ ਵਾਲਾ ਸੀ

ਪ੍ਰਬੰਧਕਾਂ ਦਾ ਕਾਮਿਆਂ ਵੱਲ, ਖਾਸ ਕਰ ਕੇ ਇਸਤਰੀ ਕਾਮਿਆਂ ਵੱਲ ਸਤਿਕਾਰ-ਭਰਿਆ ਰਵੱਈਆ। ਇਤਿਹਾਸਕ ਤੌਰ ਉੱਤੇ ਜਗੀਰਦਾਰੀ ਪ੍ਰਬੰਧ ਅਧੀਨ ਹਰ ਪ੍ਰਕਾਰ ਦੇ ਅੱਤਿਆਚਾਰਾਂ ਤੇ ਧੱਕਿਆਂ ਦੇ ਸ਼ਿਕਾਰ ਰਹੇ ਇਹ ਕਾਮੇ ਹੀ ਨਾਮਧਾਰੀ ਫ਼ਾਰਮ ਦੇ ਧੰਨਵਾਦੀ ਨਹੀਂ, ਸਗੋਂ ਆਲੇ-ਦੁਆਲੇ ਦੀਆਂ ਪੇਂਡੂ ਬਸਤੀਆਂ ਵਿਚ ਇਸ ਕਾਰਨ ਨਾਮਧਾਰੀ ਸਿੱਖਾਂ ਦਾ ਭਾਰੀ ਆਦਰ ਕੀਤਾ ਜਾਂਦਾ ਹੈ। ਹੁਣ ਤਾਂ ਸਾਡੇ ਦਿੱਲੀ ਵਿਚ ਨਾਮਧਾਰੀ ਫ਼ਾਰਮ ਦੀਆਂ ਕਈ ਦੁਕਾਨਾਂ ਖੁੱਲ੍ਹ ਗਈਆਂ ਹਨ, ਜਿਨ੍ਹਾਂ ਦੀਆਂ ਵਸਤਾਂ ਆਪਣੀ ਸ਼ੁੱਧਤਾ ਕਾਰਨ ਹਰਮਨ-ਪਿਆਰੀਆਂ ਹਨ। ਆਮ ਦੁਕਾਨਾਂ ਵਿਚ ਵਿਕਦੇ ਵਿਸ਼ੇਸ਼ ਕਿਸਮ ਦੇ ਖਰਬੂਜ਼ਿਆਂ ਨੂੰ ਤਾਂ ਕਿਹਾ ਹੀ ਨਾਮਧਾਰੀ ਖਰਬੂਜ਼ੇ ਜਾਂਦਾ ਹੈ।

ਆਮ ਲੋਕ ਇਹ ਤਾਂ ਜਾਣਦੇ ਹਨ ਕਿ ਸਤਿਗੁਰੂ ਜਗਜੀਤ ਸਿੰਘ ਜੀ ਦਾ ਸੰਗੀਤ ਨਾਲ ਲਗਾਉ ਸੀ ਅਤੇ ਉਹ ਸੰਗੀਤ ਦੇ ਕਦਰਦਾਨ ਸਨ, ਪਰ ਇਹ ਜਾਣਕਾਰੀ ਬਹੁਤ ਘੱਟ ਲੋਕਾਂ ਨੂੰ ਹੈ ਕਿ ਉਹ ਕਿੰਨੇ ਪਹੁੰਚੇ ਹੋਏ ਗਾਇਕ ਤੇ ਵਾਦਕ ਸਨ ਅਤੇ ਉਹਨਾਂ ਦੀ ਸੰਗੀਤ ਦੀ ਕਦਰਦਾਨੀ ਨੇ ਕਿੰਨੇ ਗਾਇਕਾਂ ਤੇ ਵਾਦਕਾਂ ਨੂੰ ਸੰਗੀਤ ਦੇ ਅਪਹੁੰਚ ਉਸਤਾਦਾਂ ਤੋਂ ਸਿਖਲਾਈ ਦਿਵਾ ਕੇ ਪੰਜਾਬ ਦੇ ਸੰਗੀਤ ਨੂੰ ਬੇਮਿਸਾਲ ਦੇਣ ਦਿੱਤੀ। ਸਿਖਿਆਰਥੀਆਂ ਨੂੰ ਚੰਗੀ ਤੋਂ ਚੰਗੀ ਸਿਖਲਾਈ ਨਾਲ ਨਾਮੀ ਸੰਗੀਤਕਾਰ ਬਣਾਉਣਾ ਉਹਨਾਂ ਦੀ ਰਜ਼ਾ ਰਹਿੰਦੀ ਸੀ।

ਪਹਿਲਾਂ ਉਹਨਾਂ ਦੀ ਆਪਣੀ ਸੰਗੀਤ ਕਲਾ ਦੀ ਗੱਲ ਕਰ ਲਈਏ। ਉਹਨਾਂ ਦੇ ਪਿਤਾ ਸਤਿਗੁਰੂ ਪਰਤਾਪ ਸਿੰਘ ਸੰਗੀਤ ਦੇ ਗਿਆਤਾ ਸਨ। ਜਦੋਂ ਉਹਨਾਂ ਨੇ ਬਹੁਤ ਛੋਟੇ ਬਾਲਪਨ ਵਿਚ ਪੁੱਤਰ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ, ਉਸੇ ਸਮੇਂ ਸੰਗੀਤ ਲਈ ਉਹਦਾ ਕੰਨ-ਰਸ ਪਛਾਣ ਲਿਆ ਅਤੇ ਪ੍ਰਸਿੱਧ ਸੰਗੀਤਕਾਰ ਉਸਤਾਦ ਹਰਨਾਮ ਸਿੰਘ ਚਵਿੰਡਾ ਕੋਲ ਭੇਜ ਦਿੱਤਾ ਜਿਨ੍ਹਾਂ ਨਾਲ ਰਿਸ਼ਤੇਦਾਰੀ ਵੀ ਹੈ ਸੀ। ਓਦੋਂ ਇਹਨਾਂ ਦੀ ਉਮਰ ਚਾਰ ਸਾਲ ਸੀ। ਉਥੇ ਗਿਆਂ ਲਗਭਗ ਚਾਰ ਸਾਲ ਹੋਏ ਸਨ ਕਿ 1928 ਵਿਚ ਭੈਣੀ ਸਾਹਿਬ ਵਿਖੇ ਸੰਗੀਤ ਦੀ ਸਿੱਖਿਆ ਸ਼ੁਰੂ ਕਰ ਦਿੱਤੀ ਗਈ ਅਤੇ ਇਹਨਾਂ ਨੂੰ ਵਾਪਸ ਬੁਲਾ ਲਿਆ ਗਿਆ। ਇਉਂ ਸੰਗੀਤ ਤਾਂ ਬਾਲਪਨ ਤੋਂ ਹੀ ਇਹਨਾਂ ਦੇ ਜੀਵਨ ਦਾ ਅਟੁੱਟ ਅੰਗ ਬਣ ਚੁਕਿਆ ਸੀ। ਉਸਤਾਦ ਹਰਨਾਮ ਸਿੰਘ ਤੋਂ ਮਗਰੋਂ ਇਹਨਾਂ ਨੇ ਸੰਗੀਤ ਦੀ ਸਿਖਿਆ ਉਧੋ ਖ਼ਾਂ, ਰਹੀਮ ਬਖ਼ਸ਼, ਭਾਈ ਤਾਬਾ ਅਤੇ ਭਾਈ ਨਾਸਿਰ ਜਿਹੇ ਉਸਤਾਦਾਂ ਤੋਂ ਹਾਸਲ ਕੀਤੀ।

ਸਤਿਗੁਰੂ ਜੀ ਦੀ ਗਾਇਕੀ, ਖਾਸ ਕਰ ਕੇ ਖੰਡ ਮਾਤਰਾਂ ਨਾਲ, ਕਮਾਲ ਨੂੰ ਪਹੁੰਚੀ ਹੋਈ ਸੀ ਅਤੇ ਵਾਦਨ ਦੇ ਪੱਖੋਂ ਉਹ ਲਗਭਗ ਹਰ ਸਾਜ਼ ਵਜਾ ਲੈਂਦੇ ਸਨ। ਦਿਲਰੁਬਾ ਉਹਨਾਂ ਨੂੰ ਖਾਸ ਕਰ ਕੇ ਪਿਆਰਾ ਸੀ ਜਿਸ ਨੂੰ ਉਹ ਨਹੁੰਆਂ ਨਾਲ ਵਜਾਉਂਦੇ ਸਨ ਜੋ ਉਹਨਾਂ ਦਾ ਲਾਸਾਨੀ ਸੰਗੀਤਕ ਕਾਰਨਾਮਾ ਸੀ। ਭਾਵੇਂ ਉਹਨਾਂ ਨੇ ਆਪਣੀ ਕਲਾਕਾਰੀ ਨਿਪੁੰਨਤਾ ਦਾ ਕਦੀ ਵਿਖਾਲਾ ਨਹੀਂ ਸੀ ਪਾਇਆ ਤਾਂ ਵੀ ਹਿੰਦੁਸਤਾਨੀ ਕਲਾਸੀਕਲ ਸੰਗੀਤ ਤੇ ਗੁਰਮਤਿ ਸੰਗੀਤ ਦੀ ਦੁਨੀਆਂ ਵਿਚ ਉਹਨਾਂ ਨੂੰ ਉੱਚਾ ਸਥਾਨ ਪ੍ਰਾਪਤ ਹੋਇਆ।

2012 ਵਿਚ ਜਦੋਂ ਭਾਰਤੀ ਸੰਗੀਤ ਨਾਟਕ ਅਕਾਦਮੀ ਨੇ (ਕਵੀ, ਲੇਖਕ ਤੇ ਚਿੱਤਰਕਾਰ ਦੇ ਨਾਲ-ਨਾਲ) ਸੰਗੀਤਕਾਰ ਹੋਣ ਦੇ ਨਾਤੇ ਗੁਰੁਦੇਵ ਰਾਬਿੰਦਰਨਾਥ ਟੈਗੋਰ ਦੀ ਡੇਢ ਸ਼ਤਾਬਦੀ, ਭਾਵ 150 ਵੀਂ ਵਰ੍ਹੇਗੰਢ ਮਨਾਈ, ਸਿਰਫ਼ ਇਸ ਮੌਕੇ ਕਿਸੇ ਸੰਗੀਤਕਾਰ ਨੂੰ ਇਕ-ਵਾਰਗੀ 'ਟੈਗੋਰ ਫ਼ੈਲੋਸ਼ਿਪ' ਦਿੱਤੀ ਜਾਣੀ ਸੀ ਤੇ 'ਅਕਾਦਮੀ ਟੈਗੋਰ ਰਤਨ' ਸਨਮਾਨ ਭੇਂਟ ਕੀਤਾ ਜਾਣਾ ਸੀ। ਇਹਨਾਂ ਲਈ ਸਤਿਗੁਰੂ ਜਗਜੀਤ ਸਿੰਘ ਜੀ ਦੀ ਚੋਣ ਕੀਤੀ ਗਈ। 13 ਅਪਰੈਲ 2013 ਨੂੰ, ਵੈਸਾਖੀ ਸਮੇਂ ਅਕਾਦਮੀ ਦੇ ਅਧਿਕਾਰੀਆਂ ਨੇ ਭੈਣੀ ਸਾਹਿਬ ਪਹੁੰਚ ਕੇ ਇਹ ਸਨਮਾਨ ਸਤਿਗੁਰੂ ਉਦੇ ਸਿੰਘ ਜੀ ਦੀ ਮੌਜੂਦਗੀ ਵਿਚ ਮਾਤਾ ਚੰਦ ਕੌਰ ਜੀ ਨੂੰ ਭੇਟ ਕੀਤਾ।

'ਭਾਈ ਮਰਦਾਨਾ ਕੀਰਤਨ ਦਰਬਾਰ ਸੁਸਾਇਟੀ' ਨੇ ਗੁਰਬਾਣੀ ਕੀਰਤਨ ਦੀ ਪ੍ਰੰਪਰਾ ਨੂੰ ਸੰਭਾਲਣ ਤੇ ਪਰਚਾਰਨ ਸਦਕਾ ਉਹਨਾਂ ਨੂੰ 'ਭਾਈ ਮਰਦਾਨਾ ਪੁਰਸਕਾਰ' ਭੇਟ ਕੀਤਾ। 'ਬਾਬਾ ਹਰਿਵੱਲਭ ਸੰਗੀਤ ਮਹਾਂਸਭਾ' ਨੇ 1995 ਵਿਚ ਉਹਨਾਂ ਨੂੰ 'ਹਰਿਵੱਲਭ ਸੰਗੀਤ ਸਨਮਾਨ' ਅਤੇ ਅੱਗੇ ਚੱਲ ਕੇ ਕਲਾਸੀਕਲ ਸੰਗੀਤ ਨੂੰ ਪ੍ਰਫੁੱਲਤ ਕਰਨ ਤੇ ਅਨੇਕ ਸੰਗੀਤਕਾਰਾਂ ਨੂੰ ਸਿੱਖਿਅਤ ਕਰਨ-ਕਰਵਾਉਣ ਸਦਕਾ 'ਸੰਗੀਤਾਚਾਰੀਆ ਸਨਮਾਨ' ਭੇਟ ਕੀਤੇ।

ਗਵਾਲੀਅਰ ਦੇ 'ਸਰੋਦ ਘਰ' ਵਿਖੇ 4 ਨਵੰਬਰ 1999 ਨੂੰ 'ਉਸਤਾਦ ਹਾਫ਼ਿਜ਼ ਅਲੀ ਖ਼ਾਂ ਮੈਮੋਰੀਅਲ ਸੁਸਾਇਟੀ ਵਲੋਂ ਉਸਤਾਦ ਅਮਜ਼ਦ ਅਲੀ ਖ਼ਾਂ ਸਾਹਿਬ ਨੇ ਸਤਿਗੁਰੂ ਜੀ ਨੂੰ 'ਸੰਗੀਤ ਮਨੀਸ਼ੀ' ਸਨਮਾਨ ਭੇਂਟ ਕੀਤਾ। ਇਸ ਮੌਕੇ ਬੋਲਦਿਆਂ ਖ਼ਾਂ ਸਾਹਿਬ ਨੇ ਕਿਹਾ, "ਮੇਰੇ ਅੱਬਾ ਜੀ ਕਿਹਾ ਕਰਦੇ ਸਨ ਕਿ ਹਿੰਦੁਸਤਾਨੀ ਕਲਾਸੀਕਲ ਸੰਗੀਤ ਦਾ

ਸਰਪਰਸਤ ਹਰ ਕੋਈ ਨਹੀਂ ਹੋ ਸਕਦਾ। ਇਸ ਦੀ ਸਰਪਰਸਤੀ ਕੋਈ ਪਾਤਿਸ਼ਾਹ ਜਾਂ ਸੰਤ ਹੀ ਕਰ ਸਕਦਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਪਾਤਿਸ਼ਾਹ ਵੀ ਹਨ ਤੇ ਸੰਤ ਵੀ। ਉਹ ਅਜਿਹੇ ਸੂਰਜ ਹਨ ਜੋ ਦੇਸ-ਭਰ ਵਿਚ ਹਿੰਦੁਸਤਾਨੀ ਕਲਾਸੀਕਲ ਸੰਗੀਤ ਦਾ ਮਾਰਗ ਰੁਸ਼ਨਾ ਰਹੇ ਹਨ ਅਤੇ ਦੁਨੀਆਂ ਨੂੰ ਦਿਖਾ ਰਹੇ ਹਨ ਕਿ ਹਿੰਦੁਸਤਾਨੀ ਕਲਾਸੀਕਲ ਸੰਗੀਤ ਨੂੰ ਸਤਿਕਾਰਿਆ ਕਿਵੇਂ ਜਾਣਾ ਚਾਹੀਦਾ ਹੈ। ”

ਉਸਤਾਦ ਅਮਜ਼ਦ ਅਲੀ ਖ਼ਾਂ ਸਾਹਿਬ ਦੀ ਸਤਿਗੁਰੂ ਜੀ ਵੱਲੋਂ ਸੰਗੀਤ ਨੂੰ ਸਤਿਕਾਰੇ ਜਾਣ ਦੀ ਗੱਲ ਤੋਂ ਮੈਨੂੰ ਰਾਜਨ ਮਿਸ਼ਰਾ ਅਤੇ ਸਾਜਨ ਮਿਸ਼ਰਾ ਭਰਾ ਚੇਤੇ ਆ ਗਏ। ਇੱਕ ਵਾਰ ਸਤਿਗੁਰੂ ਜੀ ਦੇ ਇਸ ਅਸ਼ੀਰਵਾਦੀ ਹੱਥ ਦਾ ਜ਼ਿਕਰ ਚੱਲੇ ਤੋਂ ਮਿੱਤਰ ਸੁਵਰਨ ਸਿੰਘ ਵਿਰਕ ਨੇ ਮਿਸ਼ਰਾ ਭਰਾਵਾਂ ਨਾਲ ਬੀਤੀ ਹੋਈ ਸੁਣਾਈ ਸੀ। ਉਹ ਸੰਗੀਤਕਾਰੀ ਦੇ ਆਰੰਭਕ ਦੌਰ ਵਿਚ ਕੋਈ ਸਾਧਾਰਨ ਜਿਹੀ ਨੌਕਰੀ ਕਰਦੇ ਸਨ। ਸਤਿਗੁਰੂ ਜੀ ਉਹਨਾਂ ਦੀ ਪ੍ਰਤਿਭਾ ਨੂੰ ਪਛਾਣ ਚੱਕੇ ਸਨ। ਉਹਨਾਂ ਨੇ ਕਿਹਾ, ਤੁਸੀਂ ਇਹ ਕੰਮ ਛੱਡ ਕੇ ਸਿਰਫ਼ ਸੰਗੀਤ ਨੂੰ ਸਮਰਪਿਤ ਹੋਵੋ, ਤੁਹਾਡੇ ਲਈ ਏਨੇ ਮਾਸਕ ਪੈਸਿਆਂ ਦਾ ਪ੍ਰਬੰਧ ਅਸੀਂ ਕਰਾਂਗੇ। ਮਗਰੋਂ ਇਕ ਵਾਰ ਸਤਿਗੁਰੂ ਜੀ ਨੇ ਉਹਨਾਂ ਨੂੰ ਕਾਰ ਵੀ ਭੇਟ ਕੀਤੀ ਸੀ।

ਇਹ ਸੰਗੀਤ ਜਗਤ ਵਿਚ ਉਹਨਾਂ ਦੇ ਅਜਿਹੇ ਸਥਾਨ ਸਦਕਾ ਹੀ ਸੀ ਕਿ ਦੇਸ ਦੇ ਪ੍ਰਮੁੱਖ ਸੰਗੀਤਕਾਰ, ਜਿਨ੍ਹਾਂ ਦੇ ਦੋ ਬੋਲ ਸੁਣਨ ਨੂੰ ਸਰੋਤੇ ਤਰਸਦੇ ਹਨ, ਉਹਨਾਂ ਦੇ ਸੁਨੇਹੇ ਨਾਲ ਸਾਲਾਨਾ ਸੰਗੀਤ ਸਮਾਗਮ ਸਮੇਂ ਭੈਣੀ ਸਾਹਿਬ ਪਧਾਰਦੇ ਸਨ ਅਤੇ ਦੂਰੋਂ-ਦੂਰੋਂ ਆਏ ਹਰ ਛੋਟੇ-ਵੱਡੇ ਤੇ ਅਮੀਰ-ਗ਼ਰੀਬ ਲਈ ਆਪਣੀ ਕਲਾ ਦਾ ਖੁੱਲ੍ਹਾ ਪ੍ਰਦਰਸ਼ਨ ਕਰਦੇ ਸਨ। ਹੁਣ ਸੰਗੀਤ ਸਮਾਗਮ ਦੀਆਂ ਸਾਲਾਨਾ ਰੌਣਕਾਂ ਸਤਿਗੁਰੂ ਉਦੇ ਸਿੰਘ ਜੀ ਦੀ ਸਰਪਰਸਤੀ ਹੇਠ ਸਜਦੀਆਂ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਭੈਣੀ ਸਾਹਿਬ ਦੀ ਸੰਗੀਤ ਅਕਾਦਮੀ ਅਤੇ ਸਥਾਨਕ ਉਸਤਾਦਾਂ ਤੋਂ ਸੰਗੀਤ ਸਿੱਖ ਚੁੱਕੇ ਸਿਖਿਆਰਥੀਆਂ ਵਿੱਚੋਂ ਪਰਤੱਖ ਸੰਭਾਵਨਾ ਵਾਲਿਆਂ ਨੂੰ ਪਛਾਣ ਕੇ ਦੇਸ ਦੇ ਪ੍ਰਮੁੱਖ ਸੰਗੀਤਕਾਰਾਂ ਦੇ ਸ਼ਾਗਿਰਦ ਬਣਵਾ ਦਿੰਦੇ ਸਨ, ਜਿਨ੍ਹਾਂ ਤੱਕ ਸਤਿਗੁਰੂ ਜੀ ਦੀ ਕਿਰਪਾ ਤੋਂ ਬਿਨਾਂ ਉਹਨਾਂ ਦੀ ਪਹੁੰਚ ਮੁਸ਼ਕਿਲ ਹੀ ਨਹੀਂ ਸਗੋਂ ਬਿਲਕੁਲ ਅਸੰਭਵ ਹੋਣੀ ਸੀ। ਜਿਨ੍ਹਾਂ ਉਸਤਾਦ ਸੰਗੀਤਕਾਰਾਂ ਦੇ ਨਾਂ ਮੇਰੇ ਚੇਤੇ ਵਿਚ ਉੱਭਰ ਸਕੇ, ਉਹਨਾਂ ਵਿਚ ਬੀਬੀ ਰਜਵੰਤ ਕੌਰ, ਸੰਪਾਦਕ 'ਵਰਿਆਮ' ਰਾਹੀਂ ਇੰਗਲੈਂਡ-ਵਾਸੀ ਹਰਜਿੰਦਰਪਾਲ ਸਿੰਘ ਤੋਂ ਹਾਸਲ ਹੋਏ ਨਾਂ ਜੋੜ ਕੇ ਸੂਚੀ ਇਸ ਪ੍ਰਕਾਰ ਬਣ ਗਈ: ਅਮਜ਼ਦ ਅਲੀ ਖ਼ਾਂ ਸਾਹਿਬ, ਅੱਲਾ ਰੱਖਾ ਜੀ, ਅਜੋਇ ਚਕਰਵਰਤੀ, ਪੰ. ਅਨੋਖੇ ਲਾਲ, ਬੀਬੀ ਐਨ. ਰਾਜਮ, ਇਮਰਤ ਖਾਂ ਸਾਹਿਬ, ਸਾਬਰੀ ਖ਼ਾਂ ਸਾਹਿਬ, ਪੰ. ਸਾਮਤਾ ਪ੍ਰਸਾਦ, ਪੰ. ਸੁਰੇਸ਼ ਤਲਵਲਕਰ, ਪੰ. ਸ਼ਿਵ ਕੁਮਾਰ ਸ਼ਰਮਾ, ਪੰ. ਹਰੀ ਪ੍ਰਸ਼ਾਦ ਚੌਰਸੀਆ, ਪ੍ਰੋ. ਹਰਭਜਨ ਸਿੰਘ, ਪੰ. ਕਿਸ਼ਨ ਮਹਾਰਾਜ, ਪ੍ਰੋ. ਕਿਰਪਾਲ ਸਿੰਘ, ਪੰ. ਦੁਰਗਾ ਲਾਲ, ਪੰ. ਪ੍ਰੇਮ ਵੱਲਭ, ਉਸਤਾਦ ਪਿਆਰਾ ਸਿੰਘ, ਪੰ. ਬਿਰਜੂ ਮਹਾਰਾਜ, ਪੰ. ਰਾਜਨ-ਸਾਜਨ ਮਿਸ਼ਰ, ਪੰ. ਰਾਮ ਨਾਰਾਇਣ, ਪੰ. ਰਮਾਕਾਂਤ, ਪੰ. ਰਾਮ ਜੀ ਮਿਸ਼ਰ, ਵਿਲਾਇਤ ਖ਼ਾਂ ਸਾਹਿਬ, ਸ੍ਰੀ ਵਰਿੰਦਰ ਕੁਮਾਰ। ਸੰਭਵ ਹੈ, ਅਜੇ ਵੀ ਕੁਛ ਨਾਂ ਰਹਿ ਗਏ ਹੋਣ।

ਸਤਿਗੁਰੂ ਜੀ ਦੀ ਮਿਹਰ ਸਦਕਾ ਇਹਨਾਂ ਉਸਤਾਦਾਂ ਨੇ ਦਰਜਨਾਂ ਉਭਰਦੇ ਸੰਗੀਤਕਾਰਾਂ ਨੂੰ ਨਿਪੁੰਨਤਾ ਦੇ ਮਾਰਗ ਉੱਤੇ ਤੋਰਿਆ। ਅਨੇਕ ਕਲਾਸੀਕਲ ਗਾਇਕਾਂ ਅਤੇ ਵੱਖ-ਵੱਖ ਸਾਜ਼ਾਂ ਦੇ ਵਾਦਕਾਂ ਨੇ ਕਲਾ-ਜਗਤ ਵਿਚ ਨਾਂ ਕਮਾਇਆ ਅਤੇ ਕਮਾ ਰਹੇ ਹਨ। ਉਸਤਾਦ ਨਿਹਾਲ ਸਿੰਘ ਤੋਂ ਸਿਖਲਾਈ ਲੈਣ ਮਗਰੋਂ ਪੰ. ਕਿਸ਼ਨ ਮਹਾਰਾਜ ਤੋਂ ਤਬਲਾ-ਵਾਦਨ ਦੀ ਕਲਾ ਦੀਆਂ ਬਰੀਕੀਆਂ ਸਿੱਖੇ ਹੋਏ ਸੁਖਵਿੰਦਰ ਸਿੰਘ ਪਿੰਕੀ ਨੂੰ ਤਾਂ ਪੰ. ਵਿਸ਼ਵ ਮੋਹਨ ਭੱਟ ਨਾਲ ਸਾਂਝਾ 'ਗਰੈਮੀ ਸਨਮਾਨ' ਵੀ ਹਾਸਲ ਹੋਇਆ।

ਗਾਇਕੀ ਤੇ ਵਾਦਨ ਦੀ ਦੁਨੀਆਂ ਦੀ ਜਾਣਕਾਰੀ ਨਾ ਰੱਖਣ ਵਾਲੇ ਲੋਕਾਂ ਨੂੰ ਸ਼ਾਇਦ ਇਹ ਗੱਲ ਸਾਧਾਰਨ ਲੱਗੇ, ਪਰ ਜਾਣਕਾਰ ਜਾਣਦੇ ਹਨ ਕਿ ਅਜਿਹੇ ਉਸਤਾਦਾਂ ਦੇ ਸ਼ਾਗਿਰਦ ਬਣਨਾ ਸੌਖਾ ਨਹੀਂ ਹੁੰਦਾ। ਇਸ ਸੰਬੰਧ ਵਿਚ ਇੱਕ ਵਾਰ ਟੀਵੀ ਇੰਟਰਵਿਊ ਵਿਚ ਇੱਕ ਬਹੁਤ ਵੱਡੇ ਗਾਇਕ ਦੀ ਸੁਣਾਈ ਹੋਈ ਗੱਲ ਮੈਨੂੰ ਯਾਦ ਰਹਿੰਦੀ ਹੈ। ਉਹਨੇ ਤੇ ਉਹਦੇ ਭਾਈ ਨੇ ਗਾਇਕੀ ਦੀ ਸਿੱਖਿਆ ਆਪਣੇ ਵੱਡੇ ਭਰਾ ਤੋਂ ਲਈ ਜੋ ਰਾਗ-ਵਿੱਦਿਆ ਦਾ ਨਿਪੁੰਨ ਸੀ। ਇੱਕ ਪੜਾਅ ਉੱਤੇ ਪਹੁੰਚ ਕੇ ਉਹਨੇ ਕਿਹਾ ਕਿ ਮੈਂ ਜੋ ਕੁਛ ਤੁਹਾਨੂੰ ਦੇ ਸਕਦਾ ਸੀ, ਦੇ ਦਿੱਤਾ, ਹੁਣ ਤੁਹਾਨੂੰ ਕਿਸੇ ਵਡੇਰੇ ਗੁਣਵੰਤ ਉਸਤਾਦ ਦੀ ਲੋੜ ਹੈ। ਉਹਨੇ ਅਮੀਰ ਖਾਂ ਸਾਹਿਬ ਦਾ ਨਾਂ ਸੁਝਾਇਆ। ਜਿਥੇ ਕਿਤੇ ਖਾਂ ਸਾਹਿਬ ਦਾ ਪ੍ਰੋਗਰਾਮ ਹੁੰਦਾ, ਉਹ ਦੋਵੇਂ ਪਹੁੰਚਦੇ ਤੇ ਅਰਜ਼ ਕਰਨ ਦੀ ਕੋਸ਼ਿਸ਼ ਕਰਦੇ। ਉਹ ਇਹਨਾਂ ਨੂੰ ਦੇਖ ਕੇ ਵੀ ਅਨਦੇਖੇ ਕਰਦੇ ਤੇ ਕੁਛ

ਸੁਣੇ ਬਿਨਾਂ ਤੁਰ ਜਾਂਦੇ। ਕਈ ਵਾਰ ਅਜਿਹਾ ਹੋਇਆ, ਪਰ ਇਹ ਹਾਰੇ ਨਹੀਂ। ਇੱਕ ਮਹਿਫ਼ਲ ਵਿਚ ਖਾਂ ਸਾਹਿਬ ਗਾ ਕੇ ਵਿਦਾਅ ਹੋਣ ਲੱਗੇ ਤਾਂ ਜੁੱਤਿਆਂ ਦੀ ਭੀੜ ਵਿਚ ਆਪਣੇ ਜੁੱਤੇ ਉੱਥੇ ਦੇਖਣ ਲੱਗੇ ਜਿਥੇ ਉਹਨਾਂ ਨੇ ਉਤਾਰੇ ਸਨ। ਜੁੱਤੇ ਪਰ ਉਥੇ ਹੈ ਨਹੀਂ ਸਨ। ਮੇਜ਼ਬਾਨ ਵੀ ਇਧਰ-ਉਧਰ ਦੇਖਣ-ਭਾਲਣ ਲੱਗੇ। ਦੋਵਾਂ ਭਰਾਵਾਂ ਨੇ ਕਿਸੇ ਨੂੰ ਉਹਨਾਂ ਦੇ ਜੁੱਤੇ ਸੰਭਾਲ ਕੇ ਇਕ ਪਾਸੇ ਰਖਦਿਆਂ ਦੇਖਿਆ ਹੋਇਆ ਸੀ। ਇਹਨਾਂ ਨੇ ਭੱਜ ਕੇ ਜੱਤੇ ਚੁੱਕੇ ਤੇ ਪਰੇਸ਼ਾਨ ਖਾਂ ਸਾਹਿਬ ਦੇ ਪੈਰਾਂ ਅੱਗੇ ਲਿਆ ਰੱਖੇ। ਉਹਨਾਂ ਨੇ ਪਹਿਲੀ ਵਾਰ ਇਹਨਾਂ ਵੱਲ ਦੇਖਿਆ ਤੇ ਜੁੱਤਿਆਂ ਵਿਚ ਪੈਰ ਫਸਾਉਂਦੇ ਹੋਏ ਸਿਰਫ਼ ਤਿੰਨ ਲਫ਼ਜ਼ ਬੋਲੇ, "ਘਰ ਪਰ ਮਿਲਨਾ।" ਇਹਨਾਂ ਤਿੰਨ ਸ਼ਬਦਾਂ ਨੇ ਉਹਨਾਂ ਦੋਵਾਂ ਭਰਾਵਾਂ ਦੀ ਕਿਸਮਤ ਖੋਲ੍ਹ ਦਿੱਤੀ ਅਤੇ ਉਹਨਾਂ ਨੂੰ ਉਸਤਾਦ ਅਮੀਰ ਖਾਂ ਸਾਹਿਬ ਦੇ ਸ਼ਾਗਿਰਦ ਬਣਨ ਦਾ ਸੁਭਾਗ ਹਾਸਲ ਹੋ ਗਿਆ!

ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਹੋਰ ਕੋਈ ਵਿਅਕਤੀ ਜਾਂ ਅਦਾਰਾ ਕਦੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤ-ਜਗਤ ਨੂੰ ਦੇਣ ਦੇ ਨੇੜੇ ਵੀ ਨਹੀਂ ਢੁੱਕਿਆ ਤੇ ਸ਼ਾਇਦ ਨਾ ਹੀ ਕਦੀ ਢੁੱਕ ਸਕੇਗਾ। ਉਸਤਾਦ ਜ਼ਾਕਿਰ ਹੁਸੈਨ ਨੇ ਠੀਕ ਹੀ ਕਿਹਾ ਸੀ, "ਕਿਸੇ ਹੋਰ ਗੁਣਵੰਤ ਮਹਾਂਪੁਰਸ਼ ਨੇ ਜੀਵਨ ਦੇ ਸਾਰੇ ਖੇਤਰਾਂ ਵਿਚ, ਸੰਗੀਤ ਬਾਰੇ, ਰੂਹਾਨੀਅਤ ਬਾਰੇ, ਜੀਵਨ-ਸੁਚੱਜ ਬਾਰੇ ਸਾਡੀ ਪੀੜ੍ਹੀ ਉੱਤੇ ਏਨਾ ਡੂੰਘਾ ਪ੍ਰਭਾਵ ਨਹੀਂ ਪਾਇਆ ਅਤੇ ਨਾ ਹੀ ਹਰ ਕਿਸੇ ਨੂੰ ਇਹ ਗਿਆਨ ਦਿੱਤਾ ਹੈ ਕਿ ਆਦਰਸ਼ਕ ਜੀਵਨ, ਖਾਸ ਕਰ ਕੇ ਸੰਗੀਤ ਨਾਲ ਜੁੜ ਕੇ, ਕਿਵੇਂ ਜੀਵਿਆ ਜਾ ਸਕਦਾ ਹੈ। ਅਸ਼ੀਰਵਾਦੀ ਹੱਥ, ਜੋ ਸਤਿਗੁਰੂ ਜੀ ਨੇ ਸਾਡੇ, ਕਲਾਕਾਰਾਂ ਦੇ ਸਿਰਾਂ ਉੱਤੇ ਰੱਖਿਆ, ਇਸ ਜੀਵਨ ਵਿਚ ਜਾਂ ਸਾਡੇ ਜੁੱਗ ਵਿਚ ਉਹਦੀ ਹੋਰ ਕੋਈ ਮਿਸਾਲ ਨਹੀਂ ਮਿਲਦੀ।"

ਅੰਤਲੀ ਗੱਲ, ਇਕ ਸਾਹਿਤਕਾਰ ਹੋਣ ਦੇ ਨਾਤੇ ਸਾਹਿਤ ਪ੍ਰਤੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਜ਼ਰੀਏ ਦੀ। ਸ੍ਰੀ ਭੈਣੀ ਸਾਹਿਬ ਪਹੁੰਚੇ ਹਰ ਸਾਹਿਤਕਾਰ ਦਾ ਆਦਰ-ਮਾਣ ਕਰਨਾ ਤਾਂ ਇਕ ਪ੍ਰੰਪਰਾ ਬਣ ਚੱਕੀ ਸੀ। ਉਹਨਾਂ ਤੋਂ ਦੋ ਵਾਰ ਸਨਮਾਨਿਤ ਹੋਣ ਦਾ ਸੁਭਾਗ ਤਾਂ ਮੈਨੂੰ ਹੀ ਮਿਲਿਆ। ਇੱਕ ਵਾਰ ਭੈਣੀ ਸਾਹਿਬ ਦੇ ਇਕ ਸਮਾਗਮ ਸਮੇਂ ਉਹਨਾਂ ਤੋਂ ਸਨਮਾਨ ਹਾਸਲ ਹੋਇਆ। ਇਕ ਵਾਰ ਉਹਨਾਂ ਨੇ ਦਿੱਲੀ ਪਧਾਰਨ ਸਮੇਂ ਮੇਰੇ ਸਮੇਤ ਕੁਛ ਪੰਜਾਬੀ ਲੇਖਕਾਂ ਨੂੰ ਸਾਹਿਤ-ਸਭਿਆਚਾਰ ਬਾਰੇ ਚਰਚਾ ਲਈ ਬੁਲਾਇਆ। ਉਸ ਸਮੇਂ ਸਨਮਾਨੇ ਜਾਣ ਵਾਲਿਆਂ ਵਿੱਚ ਮੈਂ ਵੀ ਸ਼ਾਮਲ ਸੀ। ਸਾਹਿਤ-ਸਮਾਗਮਾਂ ਸਮੇਂ ਇਹ ਸਰਪਰਸਤੀ ਹੋਰ ਵਧੇਰੇ ਉਜਾਗਰ ਹੁੰਦੀ ਸੀ। ਮੈਨੂੰ ਨਿੱਜੀ ਜਾਣਕਾਰੀ ਹੈ ਕਿ ਜਦੋਂ ਕਦੇ ਵੀ ਕਿਸੇ ਸਾਹਿਤਕ ਕਾਨਫ਼ਰੰਸ ਦੇ ਪ੍ਰਬੰਧਕਾਂ ਨੇ ਮਾਇਕ ਸਹਾਇਤਾ ਲਈ ਸਤਿਗੁਰੂ ਜਗਜੀਤ ਸਿੰਘ ਜੀ ਤੱਕ ਪਹੁੰਚ ਕੀਤੀ, ਉਹਨਾਂ ਦੀ ਪ੍ਰਾਪਤੀ ਉਹਨਾਂ ਦੀ ਆਸ ਨਾਲੋਂ ਵਡੇਰੀ ਰਹੀ। ਕਾਨਫ਼ਰੰਸ ਸਮੇਂ ਨਾਮਧਾਰੀ ਲੰਗਰ ਇਸ ਮਾਇਕ ਸਹਾਇਤਾ ਤੋਂ ਵਧੀਕ ਹੁੰਦਾ ਸੀ। ਸ਼ੁੱਧ ਦੇਸੀ ਘਿਉ ਵਿਚ ਤਿਆਰ ਹੋਇਆ ਭੋਜਨ ਦੁੱਧ-ਚਿੱਟੀਆਂ ਚਾਦਰਾਂ ਉੱਤੇ ਬੈਠੇ ਸਾਹਿਤਕਾਰਾਂ ਅਤੇ ਸਾਹਿਤ-ਪ੍ਰੇਮੀਆਂ ਨੂੰ ਵਰਤਾ ਰਹੇ ਉੱਜਲ ਸਫ਼ੈਦ ਬਸਤਰਾਂ ਵਾਲੇ ਨਾਮਧਾਰੀ ਵੀਰ ਇੱਕ ਅਲੌਕਿਕ ਦ੍ਰਿਸ਼ ਪੇਸ਼ ਕਰਦੇ ਸਨ।

ਇੱਕ ਵਾਰ ਕਾਨਫ਼ਰੰਸ ਦੇ ਇੱਕ ਪ੍ਰਬੰਧਕ ਮਿੱਤਰ ਨੇ ਮੈਨੂੰ ਪੁੱਛਿਆ, ਤੁਹਾਨੂੰ ਕਾਨਫ਼ਰੰਸ ਦਾ ਕਿਹੜਾ ਸੈਸ਼ਨ ਵਧੇਰੇ ਸਫਲ ਲਗਿਆ? ਮੈਂ ਹੱਸ ਕੇ ਕਿਹਾ, ਲੰਗਰ-ਸੈਸ਼ਨ!

ਇਹ ਗੱਲ ਮੈਨੂੰ ਸੰਤੋਖ ਸਿੰਘ ਧੀਰ ਜੀ ਨੇ ਸੁਣਾਈ ਸੀ। ਓਦੋਂ ਉਹ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਸਨ। ਸਭਾ ਦੀ ਸਾਲਾਨਾ ਕਾਨਫ਼ਰੰਸ ਕਰਨੀ ਸੀ। ਧੀਰ ਜੀ ਸੰਪੂਰਨਤਾਵਾਦੀ ਸਨ; ਜੋ ਕੰਮ ਕਰਨਾ ਹੈ, ਉਸ ਵਿਚ ਕੋਈ ਕਸਰ ਨਹੀਂ ਰਹਿਣੀ ਚਾਹੀਦੀ। ਅਜਿਹੇ ਉੱਦਮ ਲਈ ਬੁਨਿਆਦ ਤਾਂ ਆਖ਼ਰ ਮਾਇਆ ਹੀ ਹੁੰਦੀ ਹੈ। ਸੋਚ-ਵਿਚਾਰ ਕਰ ਕੇ ਫ਼ੈਸਲਾ ਹੋਇਆ ਕਿ ਭੈਣੀ ਸਾਹਿਬ ਪਹੁੰਚ ਕੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਜਾਵੇ। ਉਹਨਾਂ ਨੇ ਲੋੜ ਪੱਛੀ ਤਾਂ ਧੀਰ ਜੀ ਬੋਲੇ, "ਸਤਿਗੁਰੂ ਜੀ, ਜੇ ਸਾਡੀ ਉਡਾਰੀ ਤੁਹਾਡੀ ਕਿਰਪਾ ਤੋਂ ਨੀਵੀਂ ਰਹਿ ਗਈ, ਸਾਡਾ ਨੁਕਸਾਨ ਹੋ ਜਾਵੇਗਾ ਤੇ ਜੇ ਅਸੀਂ ਉਡਾਰੀ ਉੱਚੀ ਮਾਰ ਲਈ, ਇਹ ਲਾਲਚ ਹੋਵੇਗਾ। ਤੁਸੀਂ ਆਪ ਹੀ ਕਿਰਪਾ ਕਰੋ!" ਉਹ ਦਸਦੇ, "ਸਾਡੇ ਸੋਚੇ ਤੋਂ ਮਾਇਆ ਵੀ ਵੱਧ ਮਿਲ ਗਈ ਤੇ ਕਾਨਫ਼ਰੰਸ ਸਮੇਂ ਲੰਗਰ ਵੀ ਪਰਵਾਨ ਹੋ ਗਿਆ।"

ਅਜਿਹੀ ਸੀ ਅਨੇਕ ਲੌਕਿਕ, ਅਲੌਕਿਕ, ਸਾਹਿਤਕ ਅਤੇ ਕਲਾਤਮਕ, ਆਦਿ ਖੇਤਰਾਂ ਨੂੰ ਆਪਣੇ ਕਲਾਵੇ ਵਿਚ ਲੈਣ ਵਾਲੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਗਵਾਈ।

..............................................................

ਕਹਾਣੀ

# ਓਨਾ ਓਡਵਾਇਰ



**ਗੁਰਮੀਤ ਕੜਿਆਲਵੀ**
9872640994

ਮਾਈਕਲ ਫਰਾਂਸਿਸ ਓਡਵਾਇਰ ਮੀਟਿੰਗ 'ਤੇ ਜਾਣ ਲਈ ਤਿਆਰ ਹੋਣ ਲੱਗਾ ਤਾਂ ਓਨਾ ਦਾ ਦਿਲ ਘਟਣ ਲੱਗਾ ਸੀ। ਡਰ ਤਾਂ ਉਸਨੂੰ ਪਹਿਲਾਂ ਵੀ ਲੱਗਦਾ ਰਹਿੰਦਾ ਸੀ ਪਰ ਅੱਜ ਆਮ ਨਾਲੋਂ ਕੁੱਝ ਜ਼ਿਆਦਾ ਹੀ ਘਬਰਾਹਟ ਹੋ ਰਹੀ ਸੀ। ਇੱਕ ਵਾਰ ਤਾਂ ਓਨਾ ਦਾ ਜੀਅ ਕੀਤਾ ਕਿ ਪਤੀ ਨੂੰ ਸਖਤੀ ਨਾਲ ਰੋਕੇ ਪਰ ਉਹ ਓਡਵਾਇਰ ਦੇ ਸਖ਼ਤ ਤੇ ਰੁੱਖੇ ਸੁਭਾਅ ਤੋਂ ਤ੍ਰਹਿੰਦੀ ਸੀ। ਉਸਨੇ ਮਲਵੀਂ ਜਿਹੀ ਜੀਭ ਨਾਲ ਝਿਜਕਦਿਆਂ ਝਿਜਕਦਿਆਂ ਮਾਈਕਲ ਨੂੰ ਮੀਟਿੰਗ 'ਤੇ ਨਾ ਜਾਣ ਦੀ ਸਲਾਹ ਦਿੱਤੀ ਸੀ।

"ਮਾਈਕਲ, ਜੇ ਸਰ ਸਕਦਾ ਏ ਤਾਂ ਜਾਣ ਦਾ ਪ੍ਰੋਗਰਾਮ ਕੈਂਸਲ ਕਰ ਦਿਓ। ਮੇਰੀ ਤਬੀਅਤ ਕੁੱਝ ਠੀਕ ਨਹੀਂ ਹੈ।" ਓਡਵਾਇਰ ਨੂੰ ਰੋਕਣ ਲਈ ਓਨਾ ਨੇ ਆਪਣੀ ਤਬੀਅਤ ਦੇ ਖਰਾਬ ਹੋਣ ਦਾ ਬਹਾਨਾ ਕੀਤਾ ਸੀ।

"ਯੂ ਨੋਅ! ਮੇਰਾ ਜਾਣਾ ਕਿੰਨਾ ਜ਼ਰੂਰੀ ਹੈ। ਕੈਕਸਟਨ ਹਾਲ 'ਚ ਈਸਟ ਇੰਡੀਆ ਅਸੋਸ਼ੀਏਸ਼ਨ ਅਤੇ ਰੁਆਇਲ ਸੈਂਟਰਲ ਏਸ਼ੀਅਨ ਸੁਸਾਇਟੀ ਦੀ ਸਾਂਝੀ ਤੇ ਮਹੱਤਵਪੂਰਨ ਮੀਟਿੰਗ ਹੈ। ਯੂ ਨੋਅ, ਕਿਹੋ ਜਿਹੇ ਲੋਕ ਆ ਰਹੇ ਨੇ ਮੀਟਿੰਗ 'ਚ? ਮੀਟਿੰਗ ਦੀ ਪ੍ਰਧਾਨਗੀ ਲਾਰੈਂਸ ਡੰਡਾਸ ਮਾਰਕੁਅਸ ਆਫ ਜੈਟਲੈਂਡ ਕਰ ਰਿਹਾ ਜੋ ਉਨ੍ਹੀ ਸੌ ਸਤਾਰਾਂ ਤੋਂ ਉਨ੍ਹੀ ਸੌ ਬਾਈ ਤੱਕ ਬੰਗਾਲ ਦਾ ਗਵਰਨਰ ਰਿਹਾ ਤੇ ਸੈਕਟਰੀ ਆਫ ਸਟੇਟ ਫਾਰ ਇੰਡੀਆ ਦੇ ਪਦ 'ਤੇ ਰਹਿਣ ਕਰਕੇ ਹਿੰਦੋਸਤਾਨੀ ਮਾਮਲਿਆਂ ਬਾਰੇ ਉਸਨੂੰ ਵਸੀਹ ਗਿਆਨ ਹੈ। ਐਂਡ ਯੂ ਨੋਅ ਬੌਂਬੇ ਦਾ ਗਵਰਨਰ ਰਿਹਾ ਲਾਰਡ ਲਮਿੰਗਟਨ ਅਤੇ ਮੇਰੇ ਤੋਂ ਪਹਿਲਾਂ ਪੰਜਾਬ ਦਾ ਲੈਫਟੀਨੈਂਟ ਗਵਰਨਰ ਰਿਹਾ ਲੂਈਸ ਡੇਨ ਵੀ ਵਿਸ਼ੇਸ਼ ਤੌਰ 'ਤੇ ਆ ਰਹੇ।"

"ਕੀ ਤੁਹਾਡਾ ਜਾਣਾ ਅਤਿ ਜ਼ਰੂਰੀ ਹੈ ?" ਓਨਾ ਦੀ ਆਵਾਜ਼ ਬੜੀ ਮੱਧਮ ਸੀ। ਉਸਦੇ ਮੱਥੇ ਉੱਪਰ ਪਏ ਵੱਟ ਹੋਰ ਸੰਘਣੇ ਹੋ ਗਏ। ਉਹ ਮਾਈਕਲ ਨਾਲ ਗੱਲਾਂ ਕਰਦਿਆਂ ਅਕਸਰ ਇਨ੍ਹਾਂ ਰਿਟਾਇਰ ਹੋਏ ਬੁੱਢੇ ਨੌਕਰਸ਼ਾਹਾਂ ਦਾ ਮਜ਼ਾਕ ਉਡਾਇਆ ਕਰਦੀ ਸੀ। ਉਹ ਬਰਗੇਡੀਅਰ ਜਨਰਲ ਪਰਸੀ ਸਾਇਕਸ ਨੂੰ ਮਾਨਸਿਕ ਰੋਗੀ, ਲੂਈਸ ਡੇਨ ਨੂੰ ਲੰਮੇ ਕੰਨਾ ਵਾਲਾ ਬੁੱਢਾ ਤੇ ਲਾਰਡ ਲਮਿੰਗਟਨ ਨੂੰ ਮੱਖੀ ਚੂਸ ਕਿਹਾ ਕਰਦੀ ਸੀ। ਓਨਾ ਸਭ ਤੋਂ ਵੱਧ ਨਫ਼ਰਤ ਲਾਰਡ ਜੈਟਲੈਂਡ ਨੂੰ ਕਰਦੀ ਸੀ। ਜਦੋਂ ਮਾਈਕਲ ਪੰਜਾਬ ਦਾ ਲੈਫਟੀਨੈਂਟ ਗਵਰਨਰ ਸੀ, ਲਾਰਡ ਜੈਟਲੈਂਡ ਬੰਗਾਲ ਦਾ ਗਵਰਨਰ ਹੁੰਦਾ ਸੀ। ਓਨਾ ਜਾਣਦੀ ਸੀ ਕਿ ਮਾਈਕਲ ਦੇ ਵਧੇਰੇ ਫੈਸਲਿਆਂ 'ਤੇ ਇਸੇ ਖਬੀਸ ਤੇ ਆਕੜਖੋਰ ਬੁੱਢੇ ਲਾਰਡ ਜੈਟਲੈਂਡ ਦਾ ਹੀ ਅਸਰ ਹੁੰਦਾ ਸੀ।

"ਯੂ ਨੋਅ, ਤੂੰ ਕੀ ਕਹਿ ਰਹੀ ਏਂ? ਮੈਂ ਇਸ ਮੀਟਿੰਗ ਦਾ ਹੀਰੋ ਹੋਵਾਂਗਾ। ਆਈ ਮੀਨ ਰੀਅਲ ਹੀਰੋ। ਯੂ ਨੋਅ, ਪੂਰੇ ਸੰਸਾਰ ਦੀ ਸਿਚੁਏਸ਼ਨ ਕਿੰਨੀ ਕਰਿਟੀਕਲ ਹੈ। ਨਾਜ਼ੀ ਹਿਟਲਰ ਅੱਗੇ ਹੀ ਅੱਗੇ ਵਧਦਾ ਤੁਰਿਆ ਆਉਂਦਾ। ਅਫਗਾਨਿਸਤਾਨ ਦੀ ਮੌਜੂਦਾ ਸਥਿਤੀ ਵੀ ਬ੍ਰਿਟਿਸ਼ਰਜ਼ ਲਈ ਬੜੀ ਮਹੱਤਵਪੂਰਨ ਹੈ। ਮੀਟਿੰਗ ਵਿੱਚ ਇਨ੍ਹਾਂ ਤਮਾਮ ਮਸਲਿਆਂ 'ਤੇ ਵਿਚਾਰ ਹੋਣੀ ਹੈ। ਕੀ ਮੇਰਾ ਉਥੇ ਹੋਣਾ ਜ਼ਰੂਰੀ ਨਹੀਂ ਹੈ?" ਮਾਈਕਲ ਓਡਵਾਇਰ ਨੇ ਪਤਨੀ ਓਨਾ ਦੀਆਂ ਅੱਖਾਂ 'ਚ ਝਾਕਦਿਆਂ ਉਸਨੂੰ ਉਲਟਾ ਸਵਾਲ ਕੀਤਾ ਸੀ। ਓਨਾ ਨੇ ਦੇਖਿਆ, ਮਾਈਕਲ ਦੀਆਂ ਅੱਖਾਂ ਮਾਰੂਥਲ ਬਣੀਆਂ ਪਈਆਂ ਸਨ ਜਿਨ੍ਹਾਂ 'ਚ ਦੂਰ ਦੂਰ ਤੱਕ ਵੀ ਪਾਣੀ ਨਹੀਂ ਸੀ। ਓਨਾ ਪਿਛਲੇ ਤਿੰਨ ਦਹਾਕਿਆਂ ਤੋਂ ਅਜਿਹੀਆਂ ਖੁਸ਼ਕ ਅੱਖਾਂ ਦਾ ਸਾਹਮਣਾ ਕਰਦੀ ਆ ਰਹੀ ਸੀ। ਕਦੇ ਕਦੇ ਤਾਂ ਉਸਨੂੰ ਓਡਵਾਇਰ ਦੇ ਸਖ਼ਤ ਚਿਹਰੇ ਅਤੇ ਖੁਸ਼ਕ ਅੱਖਾਂ ਤੋਂ ਭੈਅ ਆਉਣ ਲੱਗ ਜਾਂਦਾ ਸੀ।

"ਯੂ ਨੋਅ! ਮੈਂ ਇਸ ਵਿਚਾਰਧਾਰਾ ਦਾ ਹਾਂ ਕਿ ਜਿੱਥੇ ਕਿਤੇ ਵੀ ਗੜਬੜ ਹੋਵੇ ਤੁਰੰਤ ਸਖ਼ਤੀ ਨਾਲ ਦਬਾ ਦਿੱਤੀ

ਜਾਵੇ। ਯੂ ਨੋਅ, ਬਾਗੀਆਂ ਨਾਲ ਨਜਿਠਣ ਦੇ ਮਾਮਲੇ 'ਚ ਤਾਂ ਮੇਰੇ ਵਾਇਸਰਾਏ ਲਾਰਡ ਹਾਰਡਿੰਗ ਨਾਲ ਵੀ ਮੱਤਭੇਦ ਰਹੇ ਨੇ। ਮੈਂ ਫਾਂਸੀ ਦੀ ਸਜ਼ਾ ਵਾਲੇ 24 ਗ਼ਦਰੀਆਂ 'ਚੋਂ 17 ਦੀ ਸਜ਼ਾ ਘਟਾ ਕੇ ਉਮਰ ਕੈਦ 'ਚ ਬਦਲ ਦੇਣ ਦੇ ਵਾਇਸਰਾਏ ਦੇ ਫ਼ੈਸਲੇ ਨਾਲ ਸਹਿਮਤ ਨਹੀਂ ਸੀ ਹੋਇਆ। ਮੈਂ ਆਪਣੇ ਅਫ਼ਸਰਾਂ ਨੂੰ ਅਕਸਰ ਹੀ ਸ਼ੇਖ ਸਾਅਦੀ ਦੀ ਕੁਟੇਸ਼ਨ ਸੁਣਾਇਆ ਕਰਦਾ ਸਾਂ- ਜੇਕਰ ਨਦੀ ਦੇ ਕਿਨਾਰੇ 'ਚ ਮੋਰੀ ਹੋ ਜਾਵੇ ਤਾਂ ਛੋਟੀ ਜਿਹੀ ਡਲੀ ਨਾਲ ਬੰਦ ਕੀਤੀ ਜਾ ਸਕਦੀ ਹੈ, ਜੇ ਬੰਦ ਨਾ ਕੀਤੀ ਤਾਂ ਇਹ ਹਾਥੀ ਨੂੰ ਡੁਬੋ ਦੇਣ ਵਾਲਾ ਪਾੜ ਪਾ ਸਕਦੀ ਹੈ।" ਮਾਈਕਲ ਓਡਵਾਇਰ ਦੇ ਬੁੱਲਾਂ 'ਤੇ ਹਲਕੀ ਜਹੀ ਮੁਸਕਰਾਹਟ ਆਈ। ਜਿਸ ਢੰਗ ਨਾਲ ਉਸ ਨੇ ਸ਼ੇਖ ਸਾਅਦੀ ਦਾ ਕਥਨ ਦੱਸਿਆ ਸੀ, ਓਨਾ ਨੂੰ ਮਾਈਕਲ ਦੀ ਮੁਸਕਰਾਹਟ ਜ਼ਹਿਰੀਲੀ ਜਾਪੀ ਸੀ।

"ਏਹਨਾਂ ਗੱਲਾਂ ਦਾ ਅੱਜ ਦੀ ਮੀਟਿੰਗ ਨਾਲ ਕੀ ਸਬੰਧ ਹੈ?"

"ਬੜਾ ਗਹਿਰਾ ਸਬੰਧ ਹੈ। ਯੂ ਨੋਅ, ਹਿਟਲਰ ਸਾਡੇ ਸਾਮਰਾਜ ਲਈ ਕਿੰਨਾ ਵੱਡਾ ਖਤਰਾ ਬਣ ਗਿਆ ਹੈ। ਓਧਰ ਇੰਡੀਆ ਵਿਚ ਕਾਂਗਰਸ ਨੇ ਆਪਣਾ ਅੰਦੋਲਨ ਤੇਜ਼ ਕਰ ਦਿੱਤਾ ਹੈ। ਅਜਿਹੇ ਹਾਲਾਤ ਵਿੱਚ ਕਾਂਗਰਸ ਤੇ ਉਸਦੇ ਲੀਡਰਾਂ ਪ੍ਰਤੀ ਕਿਸੇ ਤਰ੍ਹਾਂ ਦੀ ਨਰਮੀ ਵਾਲਾ ਵਤੀਰਾ ਉੱਕਾ ਹੀ ਠੀਕ ਨਹੀਂ ਹੈ। ਅੱਜ ਦੇ ਬ੍ਰਿਟਿਸ ਰੂਲਰਜ਼ ਨੂੰ ਇਹ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਐਨਾ ਵੱਡਾ ਸਾਮਰਾਜ ਰਾਤੋ-ਰਾਤ ਖੜ੍ਹਾ ਨਹੀਂ ਹੋਇਆ, ਇਸ ਵਾਸਤੇ ਸਾਡੇ ਪੁਰਖਿਆਂ ਨੂੰ ਬਹੁਤ ਖ਼ੂਨ ਵਹਾਉਣਾ ਪਿਆ ਹੈ। ਲੇਬਰ ਪਾਰਟੀ ਦੇ ਨੇਤਾ ਦੇਸ਼ ਨੂੰ ਇੰਡੀਆ ਪ੍ਰਤੀ ਪਾਲਸੀ ਤਬਦੀਲ ਕਰਨ ਦੀਆਂ ਸਲਾਹਾਂ ਦਿੰਦੇ ਨੇ। ਕੁੱਝ ਨੇਤਾ ਤਾਂ ਇੰਡੀਆ ਨੂੰ ਆਜ਼ਾਦ ਕਰ ਦੇਣ ਦੀਆਂ ਗੱਲਾਂ ਵੀ ਕਰਨ ਲੱਗੇ ਹਨ। ਕੀ ਇਹ ਠੀਕ ਹੈ? ਕੀ ਅਸੀਂ ਲੱਖਾਂ ਗੋਰੇ ਲੋਕਾਂ ਦੀਆਂ ਕੁਰਬਾਨੀਆਂ ਸਦਕਾ ਕਾਲੇ ਲੋਕਾਂ ਨੂੰ ਜਿੱਤ ਕੇ ਖੜ੍ਹਾ ਕੀਤਾ ਵਿਸ਼ਾਲ ਸਾਮਰਾਜ ਢਹਿ ਢੇਰੀ ਹੁੰਦਾ ਵੇਖ ਕੇ ਚੁੱਪ ਰਹਿ ਸਕਦੇ ਹਾਂ?' ਮਾਈਕਲ ਓਡਵਾਇਰ ਨੇ ਟੇਬਲ 'ਤੇ ਏਨੇ ਜ਼ੋਰ ਦੀ ਮੁੱਕਾ ਮਾਰਿਆ ਕਿ ਓਨਾ ਡਰ ਗਈ।

"ਤੁਹਾਡੀ ਉਮਰ ਹੁਣ ਪਛੱਤਰ ਸਾਲਾਂ ਦੀ ਹੋ ਗਈ ਹੈ। ਤੁਹਾਨੂੰ ਬਾਹਰ ਅੰਦਰ ਤੁਰੇ ਰਹਿਣ ਨਾਲੋਂ ਆਰਾਮ ਦੀ ਵਧੇਰੇ ਜ਼ਰੂਰਤ ਹੈ। ਜੋ ਕੁੱਝ ਤੁਸੀਂ ਕਹਿ ਰਹੇ ਹੋ, ਕੀ ਇਹ ਕਹਿਣ ਲਈ ਹੀ ਮੀਟਿੰਗ 'ਚ ਜਾਣਾ ਹੈ? ਇਹ ਤਾਂ ਤੁਸੀਂ ਪ੍ਰਧਾਨ ਮੰਤਰੀ ਜਾਂ ਸੈਕਟਰੀ ਆਫ ਸਟੇਟ ਨੂੰ ਪੱਤਰ ਲਿਖ ਕੇ ਵੀ ਆਖ ਸਕਦੇ ਓ। ਪੱਤਰ ਦੀ ਉਂਝ ਵੀ ਇੱਕ ਡਾਕੂਮੈਂਟਰੀ ਮਹੱਤਤਾ ਹੁੰਦੀ ਹੈ। ਫਿਰ ਸੈਕਟਰੀ ਆਫ ਸਟੇਟ ਨੂੰ ਫੋਨ ਵੀ ਕਰ ਸਕਦੇ ਓ। ਤੁਸੀਂ ਪਹਿਲਾਂ ਵੀ ਤਾਂ ਕਈ ਵਾਰ ਇੰਝ ਕੀਤਾ ਹੈ।" ਓਨਾ ਨੇ ਆਪਣੇ ਵਲੋਂ ਜਿਵੇਂ ਆਖਰੀ ਹਥਿਆਰ ਵਰਤਿਆ ਭਾਵੇਂ ਕਿ ਉਹ ਜਾਣਦੀ ਸੀ ਕਿ ਮਾਈਕਲ ਉਡਵਾਇਰ ਦੇ ਫੈਸਲੇ ਲੋਹੇ 'ਤੇ ਲਕੀਰ ਹੁੰਦੇ ਹਨ। ਹੁਣ ਜੇ ਉਸਨੇ ਜਾਣ ਦਾ ਫੈਸਲਾ ਕੀਤਾ ਹੀ ਸੀ ਤਾਂ ਉਸਨੂੰ ਰੋਕ ਸਕਣਾ ਕਿਵੇਂ ਵੀ ਮੁਮਕਿਨ ਨਹੀਂ।

"ਓਨਾ ਡਾਰਲਿੰਗ!" ਓਡਵਾਇਰ ਦਾ ਲਹਿਜਾ ਇਕਦਮ ਨਰਮ ਹੋ ਗਿਆ। ਓਨਾ ਮਾਈਕਲ ਦੇ ਸੁਭਾਅ ਤੋਂ ਜਾਣੂ ਹੈ, ਉਹ ਜਾਣਦੀ ਸੀ ਕਿ ਮਾਈਕਲ ਹੁਣ ਕੋਈ ਬਹੁਤ ਹੀ ਕਰੂਰਤਾ ਭਰੀ ਸ਼ੇਖੀ ਮਾਰੇਗਾ।

"ਯੂ ਨੋਅ, ਜੇ ਸਾਰੀਆਂ ਗੱਲਾਂ ਪੱਤਰਾਂ ਰਾਹੀਂ ਜਾਂ ਫੋਨਾਂ ਰਾਹੀਂ ਕੀਤੀਆਂ ਜਾ ਸਕਦੀਆਂ ਹੁੰਦੀਆਂ ਤਾਂ ਮੀਟਿੰਗਾਂ ਤੇ ਕਾਨਫਰੰਸਾਂ ਦੀ ਲੋੜ ਹੀ ਕੀ ਸੀ? ਮੈਂ ਮੀਟਿੰਗ 'ਚ ਤੇਰਾਂ ਅਪਰੈਲ 1919 ਦੀ ਘਟਨਾ ਬਾਰੇ ਦੱਸਣਾ ਹੈ। ਯੂ ਨੋਅ, ਤੇਰਾਂ ਅਪਰੈਲ ਉੱਨੀ ਸੌ ਉੱਨੀ, ਵਿਸਾਖੀ ਵਾਲੇ ਦਿਨ ਦੀ ਬ੍ਰਿਟਿਸ਼ ਇਤਿਹਾਸ 'ਚ ਕੀ ਮਹੱਤਤਾ ਹੈ? ਇਹ ਦਿਨ ਇੰਡੀਆ 'ਚ ਬ੍ਰਿਟਿਸ਼ ਸਾਮਰਾਜ ਦੀ ਉਮਰ ਲੰਮੀ ਕਰਨ ਵਾਲੇ ਦਿਨ ਵਜੋਂ ਜਾਣਿਆ ਜਾਂਦਾ ਹੈ।"

"ਓਹ ਮਾਈ ਗੌਡ!" ਓਨਾ ਦੀ ਛਾਤੀ ਦੇ ਖੱਬੇ ਪਾਸੇ ਪੀੜ ਉੱਠੀ। ਉਸਨੇ ਦੋਵੇਂ ਹੱਥ ਛਾਤੀ 'ਤੇ ਰੱਖ ਲਏ।

"ਇੰਡੀਆ ਦੇ ਲੋਕ ਇਸ ਦਿਨ ਨੂੰ ਸਦੀਆਂ ਤੱਕ ਯਾਦ ਰੱਖਣਗੇ। ਜਲ੍ਹਿਆਂਵਾਲਾ ਬਾਗ ਦੀ ਘਟਨਾ ਨੂੰ ਯਾਦ ਕਰਕੇ ਕੰਬਦੇ ਰਿਹਾ ਕਰਨਗੇ। ਯੂ ਨੋਅ, ਮੇਰੇ ਹੁਕਮਾਂ 'ਤੇ ਬਰਗੇਡੀਅਰ ਜਨਰਲ ਰੈਜ਼ੀਨਲ ਐਡਵਰਡ ਡਾਇਰ ਨੇ ਬਗਾਵਤ ਦੀਆਂ ਚਿੰਗਾੜੀਆਂ ਨੂੰ ਭਾਂਬੜ ਬਣਨ ਤੋਂ ਪਹਿਲਾਂ ਹੀ ਦਬਾ ਦਿੱਤਾ ਸੀ। ਇਹ ਡਾਇਰ ਦੀ ਇੱਕ ਫੈਸਲਾਕੁਨ ਕਾਰਵਾਈ ਸੀ। ਕਿਆ ਨਜ਼ਾਰਾ ਸੀ ਉੱਥੇ। ਜ਼ਖਮੀਆਂ ਨੂੰ ਪਾਣੀ ਦੇਣ ਵਾਲਾ ਵੀ ਕੋਈ ਨਹੀਂ ਸੀ। ਡਾਇਰ ਨੇ ਬਲੱਡੀ ਇੰਡੀਅਨਜ਼ ਨੂੰ ਅੱਛਾ ਸਬਕ ਸਿਖਾਇਆ ਸੀ। ਉਹ ਇੱਕ ਬਹਾਦਰ ਜਨਰਲ ਸੀ ਜਿਸਨੂੰ ਜ਼ਹਿਰੀਲੇ ਸੱਪਾਂ ਦੇ ਦੰਦ ਕੱਢਣ ਦਾ ਹੁਨਰ ਬਾਖੂਬੀ ਆਉਂਦਾ ਸੀ।"

"ਨੋ ਮਾਈਕਲ ਨੋ! ਉਹ ਸਮਾਂ ਯਾਦ ਨਾ ਕਰਵਾਓ। ਕੀ ਇਹ ਚੰਗਾ ਸਮਾਂ ਸੀ? ਕੀ ਇੰਜ ਕਰਨਾ ਜ਼ਰੂਰੀ ਸੀ? ਤੁਹਾਨੂੰ ਇਸ ਕਤਲੇਆਮ 'ਤੇ ਮਾਣ ਕਿਉਂ ਹੈ?"

"ਯੂ ਨੋਅ, ਕਰਨਲ ਜੇਮਜ਼ ਕੀ ਆਖਦਾ ਹੈ? ਉਸਦਾ ਕਥਨ ਹੈ ਕਿ ਤੁਸੀਂ ਚਿਤਰੇ ਨੂੰ ਨਰਮਾਈ ਨਾਲ ਨਹੀਂ ਮਾਰ ਸਕਦੇ। ਤੁਸੀਂ ਚਾਹ ਦੀ ਪਿਆਲੀ ਨਾਲ ਮੱਚਦੀ ਅੱਗ ਨਹੀਂ ਬੁਝਾ ਸਕਦੇ। ਓਨਾ ਡਾਰਲਿੰਗ! ਅਸੀਂ ਭੂਤਰੇ ਚੀਤੇ ਨੂੰ ਮਾਰਨ ਲਈ ਸਖਤੀ ਵਰਤੀ ਸੀ। ਐਵੇਂ ਥੋੜ੍ਹੀ ਜਿਹੀ ਸਖਤੀ। ਇਸਤੋਂ ਵਧੇਰੇ ਵੀ ਵਰਤੀ ਜਾ ਸਕਦੀ ਸੀ। ਅਸੀਂ ਬਗਾਵਤ ਦੀ ਮੱਚਦੀ ਅੱਗ ਬੁਝਾਉਣ ਲਈ ਚਾਹ ਦੀ ਪਿਆਲੀ ਨਹੀਂ ਸੀ ਵਰਤੀ, ਪੂਰਾ ਮਹਾਂਸਾਗਰ ਬਗਾਵਤੀਆਂ ਉੱਪਰ ਉਲੱਦ ਦਿੱਤਾ ਸੀ। ਹੁਣ ਤੂੰ ਈ ਦੱਸ, ਜਲ੍ਹਿਆਂ ਵਾਲਾ ਬਾਗ ਦੀ ਘਟਨਾ 'ਤੇ ਮਾਣ ਕਿਉਂ ਨਾ ਕਰੀਏ ?" ਮਾਈਕਲ ਓਡਵਾਇਰ ਦੀਆਂ ਅੱਖਾਂ ਦਾ ਮਾਰੂਥਲ ਫੈਲ ਕੇ ਹੋਰ ਡਰਾਉਣਾ ਤੇ ਭਿਆਨਕ ਹੋ ਗਿਆ।

"ਓਨਾ ਡਾਰਲਿੰਗ- ਯੂ ਨੋਅ! ਮੇਰਾ ਲੋਹੇ ਵਰਗਾ ਪੱਕਾ ਵਿਸ਼ਵਾਸ ਹੈ ਕਿ ਸਾਡੇ ਦੇਸ਼ ਦੇ ਲੋਕ ਮੈਨੂੰ 'ਸੇਵੀਅਰ ਆਫ ਦਾ ਬ੍ਰਿਟਿਸ਼ ਰੂਲ ਇੰਨ ਇੰਡੀਆ' ਵਜੋਂ ਮਾਣ ਦਿੰਦੇ ਰਹਿਣਗੇ। ਉਦੋਂ ਵੀ, ਜਦੋਂ ਮੈਂ ਇਸ ਦੁਨੀਆ 'ਤੇ ਨਹੀਂ ਹੋਵਾਂਗਾ। ਜਦੋਂ ਤੱਕ ਦੁਨੀਆ ਰਹੇਗੀ। 'ਸੇਵੀਅਰ ਆਫ ਦਾ ਬ੍ਰਿਟਿਸ ਰੂਲ ਇੰਨ ਇੰਡੀਆ'। ਹਾ ਹਾ ਹਾ! ਕੀ ਇਹ ਮਾਣ ਕਰਨ ਵਾਲੀ ਕੋਈ ਛੋਟੀ ਗੱਲ ਹੈ ?"

ਓਨਾ ਦਾ ਅੰਦਰ ਗੁੱਸੇ ਅਤੇ ਦਰਦ ਨਾਲ ਭਰ ਗਿਆ। ਸੰਘ ਕੌੜਾ ਹੋ ਗਿਆ ਜਿਵੇਂ ਕੁਨੀਨ ਦੀ ਗੋਲੀ ਸੰਘ 'ਚ ਅੜ ਗਈ ਹੋਵੇ। ਉਸਦਾ ਜੀਅ ਤਾਂ ਕੀਤਾ ਆਖੇ, "ਜਿਨ੍ਹਾਂ ਲੋਕਾਂ ਦੇ ਅੰਦਰੋਂ ਮਨੁੱਖਤਾ ਤੇ ਮੁਹੱਬਤ ਉੱਕਾ ਹੀ ਮਰ ਜਾਵੇ ਅਜਿਹੀਆਂ ਗੱਲਾਂ ਉਹ ਲੋਕ ਹੀ ਕਰ ਸਕਦੇ ਨੇ। ਜਿਨ੍ਹਾਂ ਦੀਆਂ ਅੱਖਾਂ 'ਚ ਪਾਣੀ ਨਹੀਂ ਤੇਜ਼ਾਬ ਹੋਵੇ ਤੇ ਜਿਨ੍ਹਾਂ ਦੇ ਦਿਮਾਗਾਂ 'ਚ ਹਰ ਵੇਲੇ ਭੇੜੀਏ ਹੁਆਂਕਦੇ ਹੋਣ, ਉਹ ਕਿਸੇ ਵੀ ਕਤਲੇਆਮ 'ਤੇ ਮਾਣ ਕਰ ਸਕਦੇ ਹਨ।" ਪਰ ਉਹ ਆਖ ਨਾ ਸਕੀ। ਉਹ ਜਾਣਦੀ ਸੀ ਕਿ ਬੋਲਣ ਦਾ ਕੋਈ ਫਾਇਦਾ ਨਹੀਂ ਹੋਣਾ।

"ਮਿਲਦੇ ਹਾਂ। ਆ ਕੇ ਚਾਹ ਪੀਵਾਂਗੇ ਇਕੱਠੇ।" ਆਖਦਿਆਂ ਫਰਾਂਸਿਸ ਮਾਈਕਲ ਓਡਵਾਇਰ ਦੇਹਲੀਓਂ ਬਾਹਰ ਹੋ ਗਿਆ ਸੀ। ਓਨਾ ਪੱਥਰ ਦਾ ਬੁੱਤ ਬਣੀ ਜਾਂਦੇ ਮਾਈਕਲ ਨੂੰ ਵੇਖਦੀ ਰਹੀ। ਉਹ ਪਤੀ ਨੂੰ, "ਆਪਣਾ ਖਿਆਲ ਰੱਖਿਓ' ਵੀ ਨਹੀਂ ਸੀ ਆਖ ਸਕੀ ਜੋ ਮਾਈਕਲ ਦੇ ਬਾਹਰ ਕਿਧਰੇ ਜਾਣ ਵਕਤ ਅਕਸਰ ਆਖਦੀ ਹੁੰਦੀ ਸੀ।

ਮਾਈਕਲ ਦੇ ਜਾਣ ਬਾਅਦ ਓਨਾ ਦਾ ਵੀ ਘਰ 'ਚ ਜੀਅ ਨਾ ਲੱਗਾ, ਉਹ ਨੌਕਰਾਣੀ ਮਾਰਥਾ ਨੂੰ ਦੱਸ ਕੇ ਲਾਇਬਰੇਰੀ ਜਾਣ ਲਈ ਘਰ 'ਚੋਂ ਨਿਕਲ ਗਈ। ਵਾਪਸੀ 'ਤੇ ਉਸ ਨੇ ਘਰੇਲੂ ਵਰਤੋਂ ਲਈ ਕੁੱਝ ਸਾਮਾਨ ਖਰੀਦਣ ਬਾਰੇ ਵੀ ਸੋਚਿਆ। ਉਦੋਂ ਓਨਾ ਨੂੰ ਨਹੀਂ ਸੀ ਪਤਾ ਕਿ ਉਸਨੂੰ ਸੁਨੇਹਾ ਭੇਜ ਕੇ ਘਰ ਬੁਲਾਇਆ ਜਾਵੇਗਾ।

ਓਨਾ ਦੇ ਘਰ ਅੰਦਰ ਵੜਦਿਆਂ ਹੀ ਮਾਰਥਾ ਨੇ ਮੂੰਹ 'ਤੇ ਹੱਥ ਰੱਖ ਕੇ ਬਾਹਰ ਆਉਂਦੀ ਚੀਕ ਨੂੰ ਬੜੀ ਮੁਸ਼ਕਲ ਨਾਲ ਡੱਕਿਆ। ਉਸ ਦੀਆਂ ਅੱਖਾਂ ਰੋਣ ਕਾਰਨ ਲਾਲ ਹੋਈਆਂ ਪਈਆਂ ਸਨ। ਕਿਸੇ ਅਣਹੋਣੀ ਘਟਨਾ ਵਾਪਰ ਜਾਣ ਦੇ ਭੈਅ ਕਾਰਨ ਓਨਾ ਸੋਫੇ 'ਤੇ ਢਹਿ ਪਈ ਸੀ।

"ਕੀ ਹੋਇਆ ਮਾਰਥਾ? ਕੀ ਕੁੱਝ ਗਲਤ ਵਾਪਰਿਆ? ਤੂੰ ਐਨੀ ਭੈਅ ਭੀਤ ਕਿਉਂ ਏਂ?" ਓਨਾ ਨੇ ਪੂਰੀ ਹਿੰਮਤ ਨਾਲ ਆਪਣੇ ਆਪ ਨੂੰ ਖੜ੍ਹਾ ਕਰਦਿਆਂ ਆਖਿਆ ਸੀ।

ਚੰਗੀ ਖਬਰ ਨਹੀਂ ਹੈ।"

"ਕੀ ਹੈ? ਦੱਸਦੀ ਕਿਉਂ ਨਹੀਂ ?" ਓਨਾ ਦੀ ਧੜਕਣ ਤੇਜ਼ ਹੋ ਰਹੀ ਸੀ।

"ਮਾਈਕਲ ਸਰ ਨੂੰ ਕਿਸੇ ਸਿਰ ਫਿਰੇ ਨੇ ਗੋਲੀ ਮਾਰ ਦਿੱਤੀ

"ਓਫ਼! ਇੱਕ ਨਾ ਇੱਕ ਦਿਨ ਇਹ ਹੋਣਾ ਹੀ ਸੀ ਮਾਰਥਾ।" ਓਨਾ ਫੇਰ ਤੋਂ ਧੜੰਮ ਕਰਕੇ ਸੋਫੇ 'ਚ ਡਿੱਗ ਪਈ। ਮਾਰਥਾ ਭੱਜ ਕੇ ਪਾਣੀ ਦਾ ਗਿਲਾਸ ਲਿਆਈ ਤੇ ਓਨਾ ਦੇ ਮੂੰਹ ਨੂੰ ਲਾ ਦਿੱਤਾ।

"ਆਪਣੇ ਆਪ ਨੂੰ ਸੰਭਾਲੋ ਮੈਮ! ਕੁੱਝ ਨਹੀਂ ਹੋਵੇਗਾ ਸਰ ਨੂੰ। ਬੜੀ ਜਲਦੀ ਠੀਕ ਹੋ ਜਾਣਗੇ। ਪਰਮੇਸ੍ਵਰ ਤੁਹਾਡੇ ਸੁਹਾਗ ਦੀ ਰੱਖਿਆ ਕਰਨਗੇ।" ਮਾਰਥਾ ਨੇ ਝਿਜਕਦਿਆਂ ਝਿਜਕਦਿਆਂ ਮਾਲਕਣ ਦਾ ਮੋਢਾ ਫੜ ਲਿਆ ਹੈ। ਜਿਸ ਭਾਵਨਾ ਨਾਲ ਮਾਰਥਾ ਨੇ ਕਿਹਾ ਸੀ ਉਸ ਨੇ ਓਨਾ ਨੂੰ ਪਿਘਲਾ ਕੇ ਰੱਖ ਦਿੱਤਾ ਸੀ। ਉਸਨੂੰ ਕੁੱਝ ਵਰ੍ਹੇ ਪਹਿਲਾਂ ਮਾਰਥਾ ਦੇ ਪਤੀ ਦੀ ਮੌਤ ਯਾਦ ਆਈ। ਉਦੋਂ ਰੋਂਦੀ ਹੋਈ ਮਾਰਥਾ ਨੂੰ ਹੌਸਲਾ ਦੇਣ ਲਈ ਓਨਾ ਨੇ ਵੀ ਬਿਲਕੁੱਲ ਇਸੇ ਤਰ੍ਹਾਂ ਉਸਦਾ ਮੋਢਾ ਘੁੱਟਿਆ ਸੀ। "ਮਾਰਥਾ ਕਿਸਦਾ ਫੋਨ ਸੀ?"

"ਕੋਈ ਡਫਰਨ ਨਾਂ ਦਾ ਸਾਰਜੈਂਟ ਸੀ।"

ਤੇਰੇ ਮਾਈਕਲ ਸਰ ਜਿਉਂਦੇ ਤਾਂ ਹੈਨ ?" ਮਾਰਥਾ ਨੂੰ ਹੈਰਾਨੀ ਹੋਈ ਕਿ ਓਨਾ ਮੈਮ ਨੇ ਇਹ ਸ਼ਬਦ ਐਨੀ ਆਸਾਨੀ ਨਾਲ ਕਿਵੇਂ ਆਖ ਦਿੱਤੇ ਸਨ।

"ਡਫਰਨ ਨੇ ਸਿਰਫ਼ ਏਨਾ ਕਿਹਾ ਕਿ ਸਰ ਦੇ ਦੋ

ਗੋਲੀਆਂ ਲੱਗੀਆਂ ਨੇ। ਗੋਲੀਆਂ ਲੱਗਦਿਆਂ ਹੀ ਉਹ ਥੱਲੇ ਡਿੱਗ ਪਏ।" ਮਾਈਕਲ ਓਡਵਾਇਰ ਦੀ ਮੌਤ ਵਾਲੀ ਗੱਲ ਛੁਪਾ ਕੇ ਮਾਰਥਾ ਨੇ ਅਧੂਰਾ ਸੱਚ ਬਿਆਨ ਕਰ ਦਿੱਤਾ।

"ਡਿੱਗ ਪਏ? ਹੋਰ ਕੁੱਝ ਨਹੀਂ ਦੱਸਿਆ ?"

"ਹਮਲਾਵਰ ਨੇ ਦੋ ਗੋਲੀਆਂ ਜੈਟਲੈਂਡ ਸਰ ਦੇ ਵੀ ਮਾਰੀਆਂ।

ਇੱਕ ਗੋਲੀ ਲੈਮਿੰਗਟਨ ਦੇ ਸੱਜੇ ਹੱਥ 'ਚ ਤੇ ਇੱਕ ਸਰ ਲੁਈਸ ਡੇਨ ਦੀ ਬਾਂਹ 'ਚ ਵੱਜੀ ਹੈ।"

"ਹਮਲਾਵਰ ਫੜ ਲਿਆ ਹੈ ਜਾਂ ਮਾਰ ਦਿੱਤਾ ਹੈ? ਕੀ ਉਹ ਕੋਈ ਇੰਡੀਅਨ ਬੁਆਏ ਹੈ ?"

"ਡਵਰਨ ਮੁਤਾਬਕ ਹਮਲਾਵਰ ਨੇ ਭੱਜਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਤੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰ ਦਿੱਤਾ। ਉਹ ਗਿਫ਼ਤਾਰੀ ਵੇਲੇ ਨਾਅਰੇ ਮਾਰ ਰਿਹਾ ਸੀ।" "ਕਿਹੋ ਜਿਹੇ ਨਾਅਰੇ ?"

"ਇਨਕਲਾਬ ਜ਼ਿੰਦਾਬਾਦ- ਇੰਗਲੈਂਡ ਮੁਰਦਾਬਾਦ- ਸਾਮਰਾਜ ਮੁਰਦਾਬਾਦ-।" ਮਾਰਥਾ ਨੂੰ ਜੋ ਕੁੱਝ ਵੀ ਸਾਰਜੈਂਟ ਤੋਂ ਪਤਾ ਲੱਗਾ ਸੀ, ਉਸਨੇ ਦੱਸ ਦਿੱਤਾ।

"ਇਨਕਲਾਬ ਜ਼ਿੰਦਾਬਾਦ—ਇੰਗਲੈਂਡ ਮੁਰਦਾਬਾਦ- ਸਾਮਰਾਜ ਮੁਰਦਾਬਾਦ! ਇਨਕਲਾਬ ਜ਼ਿੰਦਾਬਾਦ-ਇੰਗਲੈਂਡ ਮੁਰਦਾਬਾਦ-ਸਾਮਰਾਜ ਮੁਰਦਾਬਾਦ! ਇਨਕਲਾਬ ਜ਼ਿੰਦਾਬਾਦ- ਸਾਮਰਾਜ ਮੁਰਦਾਬਾਦ! ਇਨਕਲਾਬ ਜ਼ਿੰਦਾਬਾਦ- ਸਾਮਰਾਜ ਮੁਰਦਾਬਾਦ !"

ਓਨਾ ਦੇ ਕੰਨਾਂ 'ਚ ਨਾਅਰਿਆਂ ਦੀਆਂ ਆਵਾਜ਼ਾਂ ਗੂੰਜਣ ਲੱਗੀਆਂ। ਉਸਨੇ ਹੈਰਾਨ ਹੋ ਕੇ ਆਸੇ ਪਾਸੇ ਵੇਖਿਆ, ਉਥੇ ਤਾਂ ਕੋਈ ਵੀ ਨਹੀਂ ਸੀ। ਫਿਰ ਇਹ ਆਵਾਜ਼ਾਂ ਕਿੱਥੋਂ ਆ ਰਹੀਆਂ ਸਨ?

"ਮਾਰਥਾ! ਤੇਰਾ ਮਾਈਕਲ ਸਰ ਸਾਮਰਾਜ ਦਾ ਬੜਾ ਵੱਡਾ ਪਿਆਦਾ ਸੀ। ਮੈਨੂੰ ਡਰ ਸੀ ਕਿ ਬੇਗੁਨਾਹਾਂ ਦਾ ਖ਼ੂਨ ਕਿਸੇ ਨਾ ਕਿਸੇ ਦਿਨ ਬਾਰੂਦ ਬਣ ਕੇ ਮਾਈਕਲ ਦੀ ਮੌਤ ਦਾ ਕਾਰਨ ਬਣੇਗਾ। ਜਿਸ ਦਿਨ ਅੰਮ੍ਰਿਤਸਰ ਦੇ ਜਲ੍ਹਿਆਂ ਵਾਲਾ ਬਾਗ 'ਚ ਸ਼ਾਂਤਮਈ ਮੀਟਿੰਗ ਕਰ ਰਹੇ ਹਜ਼ਾਰਾਂ ਬੇਗੁਨਾਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ, ਇਹ ਡਰ ਉਸ ਦਿਨ ਤੋਂ ਹੀ ਆਪਣੇ ਨਾਲ ਚੁੱਕੀ ਫਿਰਦੀ ਆ ਰਹੀ ਸਾਂ। ਆਖਰ ਮੇਰਾ ਡਰ ਸੱਚਾ ਸਾਬਤ ਹੋਇਆ। ਸਮਾਂ ਬੜਾ ਬੇਲਿਹਾਜ਼ ਹੈ ਮਾਰਥਾ, ਤੁਹਾਡੀ ਹਰ ਵਧੀਕੀ ਦਾ ਜਵਾਬ ਜ਼ਰੂਰ ਦਿੰਦਾ ਹੈ।" ਓਨਾ ਝੱਲਿਆਂ ਵਾਂਗ ਬੋਲੀ ਜਾ ਰਹੀ ਸੀ।

"ਤੇਰੇ ਮਾਈਕਲ ਸਰ ਜਾ ਚੁੱਕੇ ਨੇ ਮਾਰਥਾ -ਬਹੁਤ ਦੂਰ। ਜਿੱਥੇ ਜਾ ਕੇ ਕੋਈ ਵਾਪਸ ਨਹੀਂ ਮੁੜਦਾ।" ਓਨਾ ਦੀ ਹਾਲਤ ਵੇਖਦਿਆਂ ਮਾਰਥਾ ਦਾ ਜ਼ਬਤ ਵੀ ਟੁੱਟ ਗਿਆ। ਉਹ ਫੁੱਟ ਫੁੱਟ ਕੇ ਰੋਣ ਲੱਗੀ। ਜਦੋਂ ਦਿਲ ਹੌਲਾ ਹੋ ਗਿਆ ਤਾਂ ਓਨਾ ਸੋਫੇ 'ਤੋਂ ਉੱਠ ਕੇ ਦੀਵਾਰ 'ਤੇ ਲਟਕਦੀ ਮਾਈਕਲ ਓਡਵਾਇਰ ਦੀ ਫੋਟੋ ਅੱਗੇ ਜਾ ਖੜੀ ਹੋਈ।

"ਸਮਝ ਨਹੀਂ ਆਉਂਦੀ ਮਾਈਕਲ, ਤੂੰ ਇੱਕ ਪਿਆਰ ਭਰੀ ਰੂਹ ਤੋਂ ਪੱਥਰ ਦੇ ਜਿਗਰੇ ਵਾਲੀ ਹਤਿਆਰੀ ਮਾਨਸਿਕਤਾ 'ਚ ਕਿਵੇਂ ਤਬਦੀਲ ਹੋ ਗਿਆ ?" ਮਾਰਥਾ ਹੈਰਾਨ ਸੀ ਕਿ ਓਨਾ ਮੈਡਮ ਐਨੀ ਛੇਤੀ ਇੰਨੀ ਸਹਿਜ ਕਿਵੇਂ ਹੋ ਗਈ ਸੀ।

ਮਿਸਟਰ ਫਰਾਂਸਿਸ ਮਾਈਕਲ ਓਡਵਾਇਰ! ਤੂੰ ਕਿੰਨਾ ਖ਼ੂਬਸੂਰਤ ਤੇ ਜਵਾਨ ਸੀ! ਭਰੇ ਹੋਏ ਸਰੀਰ ਵਾਲਾ। ਤੇਜ਼ ਤਰਾਰ 'ਤੇ ਜ਼ਹੀਨ ਨੌਜੁਆਨ। ਮੈਂ ਜਿਸ ਮਾਈਕਲ ਨੂੰ ਪਿਆਰ ਕੀਤਾ ਸੀ- ਉਹ ਮੁਹੱਬਤ ਨਾਲ ਨੱਕੋ ਨੱਕ ਭਰਿਆ ਹੋਇਆ ਸੀ। ਸਮਝ ਨਹੀਂ ਆਉਂਦੀ ਮੁਹੱਬਤ ਨਾਲ ਭਰਿਆ ਹੋਇਆ ਤੇਰਾ ਖ਼ੂਬਸੂਰਤ ਦਿਲ-ਨਫ਼ਰਤ ਅਤੇ ਹੈਵਾਨੀਅਤ ਨਾਲ ਕਿਵੇਂ ਭਰ ਗਿਆ ?" ਓਡਵਾਇਰ ਦੀ ਤਸਵੀਰ ਨਾਲ ਗੱਲਾਂ ਕਰਦੀ ਓਨਾ ਬਹੁਤ ਦੂਰ ਚਲੀ ਗਈ ਸੀ।

......

ਚੌਦਾ ਮਾਰਚ ਸੰਨ ਉਨ੍ਹੀ ਸੌ ਚਾਲੀ ਦੇ ਅਖਬਾਰ ਟੇਬਲ 'ਤੇ ਵਿਛੇ ਪਏ ਹਨ। ਭਾਵੇਂ ਖਬਰਾਂ ਪੜ੍ਹਨ ਨੂੰ ਓਨਾ ਦਾ ਉੱਕਾ ਹੀ ਜੀਅ ਨਹੀਂ ਕਰਦਾ ਪਰ ਨਜ਼ਰ ਆਪ ਮੁਹਾਰੇ ਮਾਈਕਲ ਓਡਵਾਇਰ ਉੱਪਰ ਹੋਏ ਹਮਲੇ ਵਾਲੀਆਂ ਖਬਰਾਂ 'ਤੇ ਚਲੇ ਜਾਂਦੀ ਹੈ।

"ਸਰ ਦੇ ਹਤਿਆਰੇ ਨੂੰ ਫਾਂਸੀ ਲੱਗੇਗੀ।" ਮਾਰਥਾ ਚਾਹ ਦਾ ਕੱਪ ਟੇਬਲ 'ਤੇ ਰੱਖਦਿਆਂ ਓਨਾ ਦੇ ਸਾਹਮਣੇ ਵਾਲੀ ਕੁਰਸੀ 'ਤੇ ਬੈਠ ਗਈ ਹੈ। ਓਨਾ ਨੇ ਖਾਲੀ ਖਾਲੀ ਨਜ਼ਰਾਂ ਨਾਲ ਘੂਰ ਮਾਰਥਾ ਵੱਲ ਵੇਖਿਆ। ਉਸ ਵਲੋਂ ਆਖਿਆ 'ਹਤਿਆਰਾ' ਸ਼ਬਦ ਓਨਾ ਦੇ ਜ਼ਿਹਨ 'ਚ ਕਿਧਰੇ ਅਟਕ ਗਿਆ। ਨਾ ਚਾਹੁੰਦਿਆਂ ਵੀ ਉਸਨੇ ਰਾਜਧਾਨੀ ਤੋਂ ਛਪਣ ਵਾਲੀ ਸਭ ਤੋਂ ਮਸ਼ਹੂਰ ਅਖਬਾਰ 'ਦਾ ਡੇਲੀ ਮਿਰਰ ਚੁੱਕ ਲਈ। ਅਖ਼ਬਾਰ ਦੇ ਪਹਿਲੇ ਪੰਨੇ 'ਤੇ ਦੋ ਡੱਬੀਆਂ ਬਣਾਈਆਂ ਹੋਈਆਂ ਸਨ। ਇੱਕ ਡੱਬੀ 'ਚ ਓਡਵਾਇਰ ਅਤੇ ਦੂਸਰੇ 'ਚ ਹਮਲਾਵਰ ਦੀ ਫੋਟੋ ਛਾਪੀ ਹੋਈ ਸੀ। ਓਨਾ ਨੇ ਮਨ ਹੀ ਮਨ ਦੋਵਾਂ ਫੋਟੋਆਂ ਨੂੰ ਇੱਕ ਦੂਜੇ ਨਾਲ ਮਿਲਾ ਕੇ ਵੇਖਿਆ।

"ਇਨਾਂ 'ਚੋਂ ਲੰਮੇ ਸਮੇਂ ਤੱਕ ਕੌਣ ਜਿਉਂਦਾ ਰਹੇਗਾ?" ਇਹ ਵਿਚਾਰ ਓਨਾ ਦੇ ਦਿਮਾਗ 'ਚ ਟੱਕ-ਟੱਕ

ਕਰਨ ਲੱਗਾ। ਉਸਨੂੰ ਪੰਜਾਬ ਦੇ ਰਹਿ ਚੁੱਕੇ ਲੈਫਟੀਨੈਂਟ ਗਵਰਨਰ ਮਾਈਕਲ ਫਰਾਂਸਿਸ ਓਡਵਾਇਰ ਦਾ ਕੱਦ ਹਮਲਾਵਰ ਦੇ ਮੁਕਾਬਲੇ ਕਿਤੇ ਛੋਟਾ ਮਹਿਸੂਸ ਹੋਇਆ।

"ਹਤਿਆਰੇ ਨੂੰ ਫਾਂਸੀ ਹੋਵੇਗੀ।" ਮਾਰਥਾ ਦੇ ਸ਼ਬਦ ਵਾਰ ਵਾਰ ਦਿਮਾਗ 'ਚ ਖੌਰੂ ਪਾਉਣ ਲੱਗੇ ਸਨ। ਫਾਂਸੀ ਦਾ ਖਿਆਲ ਆਉਂਦਿਆਂ ਹੀ ਦੁਨੀਆ ਭਰ ਦੇ ਕ੍ਰਾਂਤੀਕਾਰੀ ਉਸ ਦੀਆਂ ਅੱਖਾਂ ਅੱਗੋਂ ਲੰਘ ਗਏ।

ਉਨ੍ਹਾਂ ਦਿਨਾਂ 'ਚ ਓਨਾ ਪੰਜਾਬ ਹੀ ਸੀ ਜਦੋਂ ਗ਼ਦਰ ਪਾਰਟੀ ਦੇ ਮੋਹਰੀ ਆਗੂ ਕਰਤਾਰ ਸਿੰਘ ਸਰਾਭਾ ਨੂੰ ਉਸਦੇ ਸਾਥੀਆਂ ਸਮੇਤ ਸੈਂਟਰਲ ਜੇਲ੍ਹ ਲਾਹੌਰ 'ਚ ਫਾਂਸੀ 'ਤੇ ਲਟਕਾਇਆ ਗਿਆ ਸੀ। ਫਾਂਸੀ ਤੋਂ ਅਗਲੇ ਦਿਨ ਸਤਾਰ੍ਹਾਂ ਨਵੰਬਰ ਉਨ੍ਹੀ ਸੌ ਪੰਦਰ੍ਹਾਂ ਦੀਆਂ ਅਖਬਾਰਾਂ 'ਚ ਚਾਰੇ ਪਾਸੇ ਇਨ੍ਹਾਂ ਗ਼ਦਰੀ ਨੌਜਵਾਨਾਂ ਦੀ ਹੀ ਚਰਚਾ ਸੀ। ਅਖਬਾਰਾਂ ਨੇ ਕਰਤਾਰ ਸਿੰਘ ਸਰਾਭੇ ਦੀ ਹੱਸਦੇ ਹੋਏ ਦੀ ਫੋਟੋ ਲਾਈ ਸੀ।

ਓਨਾ ਦੀਆਂ ਅੱਖਾਂ ਅੱਗੇ ਲਾਹੌਰ ਜੇਲ੍ਹ ਵਿਚ ਫਾਂਸੀ ਦੇ ਤਖਤੇ 'ਤੇ ਝੂਲਦੇ ਸਰਦਾਰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੇ ਚਿਹਰੇ ਵੀ ਆਏ। ਇੰਗਲੈਂਡ ਦੀਆਂ ਅਖਬਾਰਾਂ 'ਚ ਇਨ੍ਹਾਂ ਤਿੰਨਾਂ ਦੀਆਂ ਤਸਵੀਰਾਂ ਛਪੀਆਂ ਸਨ। ਓਦੋਂ ਤੱਕ ਉਹ ਓਡਵਾਇਰ ਦੇ ਨਾਲ ਲੰਡਨ ਆ ਚੁੱਕੀ ਸੀ। ਉਸ ਦਿਨ ਉਹ ਮਾਈਕਲ ਨਾਲ ਸੋਫੇ 'ਤੇ ਬੈਠੀ ਹੋਈ ਸੀ। ਮਾਈਕਲ ਨੇ ਹੀ ਭਗਤ ਸਿੰਘ ਹੁਣਾਂ ਦੀ ਫਾਂਸੀ ਵਾਲੀ ਖਬਰ ਪੜ੍ਹ ਕੇ ਸੁਣਾਈ ਸੀ।

"ਯੂ ਨੋਅ, ਭਗਤ ਸਿੰਘ ਤੇ ਬੀ ਕੇ ਦੱਤ ਨੇ ਨੈਸ਼ਨਲ ਅਸੈਂਬਲੀ 'ਚ ਬੰਬ ਧਮਾਕਾ ਕੀਤਾ ਸੀ। ਇਹ ਹਿਜ਼ ਮੈਜਿਸਟੀ ਖਿਲਾਫ ਸਿੱਧੀ ਸਿੱਧੀ ਬਗਾਵਤ ਸੀ। ਇਨ੍ਹਾਂ ਨੂੰ ਤਾਂ ਫਾਂਸੀ ਨਾਲੋਂ ਵੀ ਵੱਡੀ ਸਜ਼ਾ ਮਿਲਣੀ ਚਾਹੀਦੀ ਸੀ।" ਮਾਈਕਲ ਨੇ ਗੁੱਸੇ ਅਤੇ ਨਫ਼ਰਤ ਨਾਲ ਦੰਦ ਕਰੀਚੇ ਸਨ। ਮਾਈਕਲ ਦੀ ਆਵਾਜ਼ ਇਨ੍ਹਾਂ ਕ੍ਰਾਂਤੀਕਾਰੀਆਂ ਪ੍ਰਤੀ ਤ੍ਰਿਸਕਾਰ ਭਰੀ ਸੀ ਪਰ ਓਨਾ ਦਾ ਸਿਰ ਸਤਿਕਾਰ ਨਾਲ ਝੁਕ ਗਿਆ ਸੀ। ਉਸਨੂੰ ਆਪਣੇ ਪੇਕੇ ਦੇਸ਼ ਫਰਾਂਸ ਦਾ ਕ੍ਰਾਂਤੀਕਾਰੀ ਆਗੂ ਵੇਲਾਂ ਯਾਦ ਆਇਆ।

"ਹਾਕਮਾਂ ਦੇ ਬੋਲੇ ਕੰਨਾਂ ਨੂੰ ਆਵਾਮ ਦੀ ਆਵਾਜ਼ ਸੁਣਾਉਣ ਲਈ ਧਮਾਕਾ ਕਰਨ ਦੀ ਜਰੂਰਤ ਪੈਂਦੀ ਹੈ। ਫਰਾਂਸੀਸੀ ਕ੍ਰਾਂਤੀਕਾਰੀ ਵੇਲਾਂ ਨੇ ਵੀ ਇਵੇਂ ਕੀਤਾ ਸੀ।" ਓਨਾ ਦੇ ਮੂੰਹੋਂ ਆਪ ਮੁਹਾਰੇ ਨਿਕਲ ਗਿਆ। ਮਾਈਕਲ ਓਡਵਾਇਰ ਉਸਦੇ ਮੂੰਹ ਵੱਲ ਵੇਂਹਦਾ ਰਹਿ ਗਿਆ। ਉਸ ਦਾ ਚਿਹਰਾ ਹੋਰ ਸਖ਼ਤ ਹੋ ਗਿਆ ਸੀ।

"ਯੂ ਨੋਅ, ਤੂੰ ਹਮੇਸ਼ਾ ਕ੍ਰਾਂਤੀਕਾਰੀਆਂ ਦਾ ਪੱਖ ਲੈਂਦੀ ਏਂ। ਕਦੇ ਫਰੈਂਚ ਕ੍ਰਾਂਤੀ ਦੀਆਂ ਗੱਲਾਂ ਕਰਨ ਲੱਗਦੀ ਏਂ, ਕਦੇ ਰੂਸ ਵਿੱਚ ਇਨਕਲਾਬ ਕਰਨ ਵਾਲਿਆਂ ਦੀਆਂ ਕਹਾਣੀਆਂ ਛੋਹ ਬੈਠਦੀ ਏਂ ਤੇ ਕਦੇ ਆਇਰਸ਼ ਰੀਪਬਲੀਕਨ ਆਰਮੀ ਦੇ ਬਾਗੀਆਂ ਦਾ ਪੱਖ ਪੂਰਨ ਲੱਗਦੀ ਏਂ।"

"ਕਿਉਂ ਜੋ ਮੇਰੀਆਂ ਨਾੜਾਂ 'ਚ ਫਰਾਂਸ ਦੇ ਕ੍ਰਾਂਤੀਕਾਰੀਆਂ ਦਾ ਖ਼ੂਨ ਹੈ- ਦੁਨੀਆਂ ਦੀ ਪਹਿਲੀ ਕ੍ਰਾਂਤੀ ਮੇਰੇ ਦੇਸ਼ 'ਚ ਹੀ ਤਾਂ ਵਾਪਰੀ ਸੀ। ਮੈਨੂੰ ਆਪਣੇ ਫਰਾਂਸੀਸੀ ਹੋਣ 'ਤੇ ਮਾਣ ਹੈ।"

"ਕੀ ਤੈਨੂੰ ਬ੍ਰਿਟਿਸ਼ ਲੋਕਾਂ ਨਾਲ ਨਫਰਤ ਹੈ ?" ਮਾਈਕਲ ਦੀਆਂ ਭਵਾਂ ਤਣ ਗਈਆਂ ਸਨ।

"ਜੇ ਮੈਂ ਬ੍ਰਿਟਿਸਰਜ਼ ਨੂੰ ਨਫਰਤ ਕਰਦੀ ਹੁੰਦੀ, ਤੇਰੇ ਨਾਲ ਵਿਆਹ ਕਰਾਉਣ ਦਾ ਫੈਸਲਾ ਕਰਦੀ? ਜੇ ਕਰਵਾ ਹੀ ਲਿਆ ਸੀ ਤਾਂ ਤੇਰੇ ਬੱਚਿਆਂ ਦੀ ਮਾਂ ਕਿਉਂ ਬਣਦੀ? ਕੀ ਇੰਨਾ ਸਮਾਂ ਇਕੱਠਿਆਂ ਤੇਰੇ ਨਾਲ ਬਿਤਾ ਸਕਦੀ? ਹੋਰ ਸਪਸ਼ਟ ਕਰਦੀ ਹਾਂ-ਕ੍ਰਾਂਤੀਕਾਰੀ ਚੰਗੀ ਜ਼ਿੰਦਗੀ ਲਈ ਲੜਦੇ ਹਨ ਤੇ ਚੰਗੀ ਜ਼ਿੰਦਗੀ ਲਈ ਲੜਨ ਵਾਲੇ ਕਿਸੇ ਨੂੰ ਨਫਰਤ ਨਹੀਂ ਕਰਦੇ ਹੁੰਦੇ। ਹਾਂ ਮਨੁੱਖਾਂ ਨੂੰ ਕੀੜੇ ਮਕੌੜੇ ਸਮਝਣ ਵਾਲਿਆਂ ਨਾਲ ਨਫ਼ਰਤ ਜ਼ਰੂਰ ਕੀਤੀ ਜਾ ਸਕਦੀ ਹੈ।"

"ਕੀ ਕ੍ਰਾਂਤੀਕਾਰੀ ਹੋਣਾ ਮਾਣ ਵਾਲੀ ਗੱਲ ਹੈ? ਯੂ ਨੋਅ, ਭਗਤ ਸਿੰਘ ਤੇ ਉਸਦੇ ਸਾਥੀਆਂ ਨੇ ਨਹੱਕਾ ਖ਼ੂਨ ਵਹਾਇਆ ਸੀ?" ਓਨਾ ਕਿੰਨਾ ਚਿਰ ਮਾਈਕਲ ਦੀਆਂ ਅੱਖਾਂ 'ਚ ਵੇਖਦੀ ਰਹੀ। ਓਥੇ ਨਫ਼ਰਤ ਤੋਂ ਸਿਵਾਏ ਕੁੱਝ ਨਹੀਂ ਸੀ।

"ਦੂਸਰੇ ਦੇਸ਼ 'ਤੇ ਧੱਕੇ ਨਾਲ ਕਬਜ਼ਾ ਕਰਨ ਵਾਲੇ ਨਹੱਕੇ ਹੁੰਦੇ ਨੇ? ਨਹੱਕਾ ਖ਼ੂਨ ਕਿਨ੍ਹਾਂ ਲੋਕਾਂ ਨੇ ਵਹਾਇਆ ਹੈ, ਇਹ ਤੁਸੀਂ ਮੇਰੇ ਨਾਲੋਂ ਜ਼ਿਆਦਾ ਚੰਗੀ ਤਰ੍ਹਾਂ ਜਾਣਦੇ ਹੋ। ਉਂਝ ਇਹ ਸਵਾਲ ਤੁਹਾਡੇ ਵਰਗੇ ਤੁਅੱਸਬੀ ਲੋਕ ਅਕਸਰ ਉਠਾਉਂਦੇ ਰਹਿੰਦੇ ਨੇ ਤੇ ਸਮੇਂ-ਸਮੇਂ 'ਤੇ ਉਠਾਉਂਦੇ ਰਹਿਣਗੇ। ਮਾਈਕਲ, ਮੈਂ ਤਾਂ ਹੈਰਾਨ ਹਾਂ ਤੁਹਾਡੇ 'ਤੇ।"

"ਕਿਸ ਗੱਲੋਂ ?"

"ਆਇਰਸ ਰੀਪਬਲਿਕ ਆਰਮੀ ਵਾਲੇ ਬਾਗੀ ਕਿੰਨੇ ਸਮੇਂ ਤੋਂ ਆਜ਼ਾਦੀ ਲਈ ਲੜਾਈ ਲੜ ਰਹੇ ਹਨ। ਤੁਸੀਂ ਆਇਰਸ ਹੋਣ ਬਾਵਜੂਦ ਬਾਗੀਆਂ ਦੀ ਹਮਾਇਤ ਨਹੀਂ ਕਰਦੇ। ਹਮਾਇਤ ਤਾਂ ਇੱਕ ਪਾਸੇ ਤੁਸੀਂ ਤਾਂ ਕ੍ਰਾਂਤੀ ਦੇ ਨਾਂ ਤੋਂ ਵੀ ਤਬਕ ਜਾਂਦੇ ਓ। ਮੈਨੂੰ ਤਾਂ ਯਕੀਨ ਨਹੀਂ ਹੁੰਦਾ ਕਿ ਤੁਸੀਂ ਆਇਰਸ਼ ਹੋ ਵੀ ਕਿ ਨਹੀਂ ?"

"ਮੈਨੂੰ ਕ੍ਰਾਂਤੀ ਤੇ ਕ੍ਰਾਂਤੀਕਾਰੀਆਂ ਨਾਲ ਨਫ਼ਰਤ ਹੈ। ਓਨਾ ਅਸੀਂ ਚੌਂਦਾ ਭੈਣ ਭਰਾ ਸਾਂ। ਵੱਡਾ ਫਾਰਮ ਹਾਊਸ ਸੀ ਸਾਡਾ। ਮੇਰੇ ਪਿਤਾ ਜੌਹਨ ਦਾ ਘਰ ਆਇਰਸ਼ ਬਾਗੀਆਂ ਨੇ ਸਾੜ ਦਿੱਤਾ ਕਿਉਂ ਕਿ ਮੇਰੇ ਪਿਤਾ ਨੇ ਬਾਗੀਆਂ ਦਾ ਸਾਥ ਦੇਣ ਤੋਂ ਮਨ੍ਹਾ ਕਰ ਦਿੱਤਾ ਸੀ। ਕਿੰਨਾ ਕੁ ਵੱਡਾ ਕਸੂਰ ਸੀ ਇਹ ?" ਮਾਈਕਲ ਦੀ ਗੱਲ ਸੁਣ ਕੇ ਓਨਾ ਦੇ ਉਦਾਸੇ ਚਿਹਰੇ 'ਤੇ ਵਿਅੰਗਮਈ ਮੁਸਕਾਣ ਆ ਗਈ।

"ਕਸੂਰ ਤਾਂ ਜਲ੍ਹਿਆਂ ਵਾਲਾ ਬਾਗ 'ਚ ਸ਼ਾਂਤਮਈ ਮੀਟਿੰਗ ਕਰ ਰਹੇ ਲੋਕਾਂ ਦਾ ਵੀ ਕੋਈ ਨਹੀਂ ਸੀ ਜਿਨ੍ਹਾਂ ਨੂੰ ਤੁਹਾਡੀ ਪੁਲਿਸ ਅਤੇ ਫ਼ੌਜ ਨੇ ਅੰਨ੍ਹੇਵਾਹ ਫਾਇਰਿੰਗ ਕਰਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ।"

"ਤੂੰ ਇਹ ਕਿਉਂ ਭੁੱਲ ਜਾਨੀ ਏਂ ਕਿ ਜਨਰਲ ਡਾਇਰ ਦੀ ਕਾਰਵਾਈ ਤੋਂ ਬਾਅਦ ਪੰਜਾਬ ਦੇ ਉੱਚ ਧਾਰਮਕ ਆਗੂਆਂ ਨੇ ਵਿਸ਼ੇਸ਼ ਤੌਰ 'ਤੇ ਉਸਨੂੰ ਸਨਮਾਨਿਤ ਕੀਤਾ ਸੀ।" ਓਡਵਾਇਰ ਦੇ ਚਿਹਰੇ 'ਤੇ ਮੁਸਕਰਾਹਟ ਉੱਭਰੀ ਸੀ।

"ਇਸ ਨਾਲ ਡਾਇਰ ਦਾ ਜ਼ੁਲਮ ਜਸਟੀਫਾਈ ਤਾਂ ਨਹੀਂ ਹੋ ਜਾਂਦਾ? ਇਉਂ ਤਾਂ ਹਿੰਦੋਸਤਾਨ ਦੇ ਕਿੰਨੇ ਹੀ ਲੋਕ ਨੇ ਜੋ ਜਗੀਰਾਂ, ਰੁਤਬਿਆਂ, ਖਿਤਾਬਾਂ ਤੇ ਖੈਰਾਤਾਂ ਦੇ ਲਾਲਚ 'ਚ ਤੁਹਾਡਾ ਸਾਥ ਦਿੰਦੇ ਨੇ। ਸਾਥ ਹੀ ਨਹੀਂ ਦਿੰਦੇ ਆਪਣੇ ਹਮਵਤਨੀ ਦੇਸ਼ ਭਗਤਾਂ ਨਾਲ ਗ਼ਦਾਰੀਆਂ ਵੀ ਕਰਦੇ ਨੇ। ਫਿਰ ਤੁਸੀਂ ਵੀ ਇਹ ਕਿਉਂ ਭੁੱਲ ਜਾਨੇ ਓਂ ?"

"ਕੀ ?"

"ਕਿ ਬ੍ਰਿਟਿਸ਼ ਪਾਰਲੀਮੈਂਟ 'ਚ ਇਸ ਘਟਨਾ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ ਹੈ। ਵਿੰਸਟਨ ਚਰਚਿਲ, ਜਿਸਨੂੰ ਤੁਸੀਂ ਸ਼ਰਾਬੀ ਲੇਖਕ ਆਖਦੇ ਓਂ-ਉਹ ਤੁਹਾਡੇ ਨਾਲੋਂ ਲੱਖ ਦਰਜੇ ਚੰਗਾ ਨਿਕਲਿਆ ਜਿਸਨੇ ਪਾਰਲੀਮੈਂਟ 'ਚ ਇਸ ਘਟਨਾ ਨੂੰ ਹੌਲਨਾਕ ਤੇ ਮਨਹੂਸ ਆਖਦਿਆਂ ਨਿੰਦਾ ਕੀਤੀ। ਸਾਬਕਾ ਪ੍ਰਧਾਨ ਮੰਤਰੀ ਹੈਨਰੀ ਐਕਸਥ ਭਲਾ ਕੀ ਬੋਲਿਆ? ਉਸਨੇ ਡਾਇਰ ਦੀ ਹਰਕਤ ਨੂੰ ਅਤਿ ਘਿਨਾਉਣੀ ਤੇ ਅਤਿਆਚਾਰੀ ਆਖਿਐ। ਡਾਇਰ ਨੂੰ ਸਨਮਾਨਿਤ ਕਰਨ ਵਾਲੇ ਤਾਂ ਯਾਦ ਨੇ ਤੁਹਾਨੂੰ-ਗੀਤਾਂਜਲੀ ਵਾਲਾ ਨੋਬੇਲ ਇਨਾਮ ਜੇਤੂ ਰਾਵਿੰਦਰ ਨਾਥ ਟੈਗੋਰ ਕਿਉਂ ਯਾਦ ਨਹੀਂ ਜਿਸਨੇ ਘਟਨਾ ਦੇ ਰੋਸ ਵਜੋਂ 'ਸਰ' ਦਾ ਖਿਤਾਬ ਤੁਹਾਡੀ ਸਰਕਾਰ ਦੇ ਮੂੰਹ 'ਤੇ ਚਲਾ ਮਾਰਿਆ। ਡੀਅਰ ਮਾਈਕਲ, ਇਹ ਐਵਾਰਡ ਤੁਹਾਡੀ ਸਰਕਾਰ ਨੇ ਹੀ ਦਿੱਤਾ ਸੀ।"

"ਤੂੰ ਸਦਾ ਰੌਂਗ ਸੋਚਦੀ ਏਂ।"

"ਤੁਸੀਂ ਬਸਤੀਵਾਦੀ ਲੋਕ ਜਿਸਨੂੰ ਰੌਂਗ ਆਖਦੇ ਹੁੰਦੇ ਓ, ਅਸਲ ਵਿੱਚ ਓਹੀ ਰਾਈਟ ਹੁੰਦਾ।"

"ਇਹ ਕੋਈ ਚਾਹ ਦੀ ਪਿਆਲੀ 'ਚ ਆਇਆ ਉਬਾਲ ਨਹੀਂ ਸੀ ਬਲਕਿ ਬਹੁਤ ਵੱਡੀ ਬਗਾਵਤ ਦੀ ਤਿਆਰੀ ਸੀ। ਡਾਇਰ ਨੇ ਭੂਤਰੇ ਸਾਨ੍ਹ ਨੂੰ ਸਿੰਗਾਂ ਤੋਂ ਫੜ ਕੇ ਥੱਲੇ ਸੁੱਟਿਆ ਸੀ। ਉਸਨੇ ਪਾਗਲ ਹਾਥੀ ਨੂੰ ਪੂਛ ਤੋਂ ਫੜ ਕੇ ਰੋਕ ਲਿਆ ਸੀ। ਓਨਾ, ਤੈਨੂੰ ਕਿੰਨੇ ਵਾਰ ਸਪਸ਼ਟ ਕਰ ਚੁੱਕਾ ਹਾਂ ਕਿ ਜੇਕਰ ਰੈਜ਼ੀਨਲ ਡਾਇਰ ਲੋਕਾਂ 'ਤੇ ਗੋਲੀ ਚਲਾਉਣ ਦਾ ਹੁਕਮ ਨਾ ਦਿੰਦਾ, ਬਾਗੀਆਂ ਦੇ ਹੌਸਲੇ ਬਹੁਤ ਵਧ ਜਾਣੇ ਸਨ।"

"ਫੇਰ ਕੀ ਹੁੰਦਾ? ਏਹੀ ਕਿ ਮਾਈਕਲ ਓਡਵਾਇਰ ਜਿਹੇ ਗੋਰੀ ਨਸਲ ਦੇ ਤਾਨਾਸ਼ਾਹਾਂ ਨੂੰ ਰਾਜਿਆਂ ਮਹਾਰਾਜਿਆਂ ਜਿਹੀ ਸ਼ਾਹਾਨਾ ਜ਼ਿੰਦਗੀ ਛੱਡ ਕੇ ਵਾਪਸ ਆਪਣੇ ਵਤਨ ਇੰਗਲੈਂਡ ਪਰਤਣਾ ਪੈਂਦਾ। ਏਹੀ ਕਿ ਇੰਡੀਅਨ ਲੋਕ ਬਸਤੀਵਾਦੀ ਗੁਲਾਮੀ ਦੇ ਜੂਲ੍ਹੇ ਥੱਲਿਓਂ ਨਿਕਲ ਕੇ ਆਜ਼ਾਦ ਫਿਜ਼ਾ 'ਚ ਸਾਹ ਲੈਣ ਲੱਗ ਜਾਂਦੇ।" ਅਜਿਹੇ ਮੌਕੇ ਓਨਾ ਦੀ ਆਵਾਜ਼ ਸਖ਼ਤ ਹੋ ਜਾਂਦੀ ਸੀ। ਉਸ ਵੇਲੇ ਉਸ ਨੂੰ ਸਖ਼ਤ ਸੁਭਾਅ ਵਾਲੇ ਮਾਈਕਲ ਓਡਵਾਇਰ ਦੀ ਵੀ ਪ੍ਰਵਾਹ ਨਾ ਹੁੰਦੀ। ਉਹ ਆਪਣੀ ਗੱਲ ਨਿਰਸੰਕੋਚ ਕਹਿ ਦਿੰਦੀ ਸੀ।

"ਯੂ ਨੋਅ, ਹਿੰਦੋਸਤਾਨ ਦੇ ਜ਼ਾਹਲ ਤੇ ਅਸੱਭਿਅਕ ਲੋਕ ਮੁਲਕ ਨੂੰ ਸੰਭਾਲਣ ਦੇ ਯੋਗ ਨਹੀਂ ਹਨ। ਤੂੰ ਸੋਚ ਜੇ ਹਿੰਦੋਸਤਾਨ ਦੇ ਲੋਕ ਅਸੱਭਿਅਕ ਤੇ ਨਿਕੰਮੇ ਨਾ ਹੁੰਦੇ, ਅਸੀਂ ਮੁੱਠੀ ਭਰ ਲੋਕ ਹਜ਼ਾਰਾਂ ਮੀਲ ਦੂਰ ਤੋਂ ਆ ਕੇ ਇੱਥੇ ਰਾਜ ਭਾਗ ਸੰਭਾਲ ਲੈਂਦੇ? ਓਨਾ ਡਾਰਲਿੰਗ, ਇਸ ਗੱਲ ਨੂੰ ਸਮਝ ਕਿ ਸਾਡਾ ਹਿੰਦੋਸਤਾਨ 'ਤੇ ਰਾਜ ਕਰਨਾ ਪਰਮੇਸ਼ਵਰ ਦੀ ਮਰਜ਼ੀ ਅਨੁਸਾਰ ਹੀ ਹੈ। ਗੌਡ ਨੇ ਸਾਡੀ ਵ੍ਹਾਈਟ ਲੋਕਾਂ ਦੀ ਡਿਊਟੀ ਲਾਈ ਹੈ ਕਿ ਅਸੀਂ ਹਿੰਦੋਸਤਾਨ ਦੇ ਅਸੱਭਿਅਕ ਲੋਕਾਂ ਨੂੰ ਤਹਿਜ਼ੀਬ ਸਿਖਾਈਏ।"

"ਸਹੀ ਕਿਹਾ ਮਾਈਕਲ। ਗੌਡ ਨੇ ਕੁੱਲ ਦੁਨੀਆ ਨੂੰ ਤਹਿਜ਼ੀਬ ਸਿਖਾਉਣ ਦੀ ਜ਼ਿੰਮੇਵਾਰੀ ਤੁਹਾਡੀ ਵਾਈਟ ਲੋਕਾਂ ਦੀ ਲਾਈ ਹੈ। ਤੁਹਾਡਾ ਵੱਡਾ ਲੇਖਕ ਰੁਡਯਰਡ ਕਿਪਲਿੰਗ ਵੀ ਤਾਂ ਏਹੀ ਲਿਖਦਾ-ਗੋਰੇ ਬੰਦਿਆਂ ਨੂੰ ਕਾਲਿਆਂ ਦਾ ਬੋਝ ਉਠਾਉਣਾ ਚਾਹੀਦਾ।" ਓਨਾ ਨੇ ਕਿਹਾ ਤਾਂ ਵਿਅੰਗ ਨਾਲ ਸੀ ਪਰ ਮਾਈਕਲ ਓਡਵਾਇਰ ਓਨਾ ਦੇ ਬੋਲਾਂ ਵਿਚਲੇ ਵਿਅੰਗ ਨੂੰ ਫੜ ਨਹੀਂ ਸੀ ਸਕਿਆ।

**ਚਲਦਾ...**

# ਕਰਹਿ ਜਿ ਗੁਰ ਫੁਰਮਾਇਆ...



**ਗੁਰਲਾਲ ਸਿੰਘ**
97800-97898

ਅੱਜ ਜਦੋਂ ਮੈਂ ਇਹ ਨਿਬੰਧ ਲਿਖ ਰਿਹਾ ਹਾਂ ਤਾਂ ਮੈਨੂੰ ਅੱਜ ਤੋਂ ਦੱਸ ਸਾਲ ਪਿੱਛੇ ਦਾ ਉਹ ਦਿਨ ਵੀ ਯਾਦ ਆ ਰਿਹਾ ਹੈ ਜਦੋਂ ਸਤਿਗੁਰੂ ਜਗਜੀਤ ਸਿੰਘ ਜੀ ਬ੍ਰਹਮਲੀਨ ਹੋਏ। ਹਜ਼ਾਰਾਂ ਸਵਾਲ ਉਸ ਦਿਨ ਮਨ-ਮਸਤਕ ਵਿੱਚ ਲਗਾਤਾਰ ਦੌੜਦੇ ਜਾ ਰਹੇ ਸੀ ਕਿ ਹੁਣ ਨਾਮਧਾਰੀ ਪੰਥ ਦਾ ਕੀ ਬਣੇਗਾ? ਸ਼ਾਇਦ ਹਰ ਇਕ ਨਾਮਧਾਰੀ ਦਾ ਏਹੋ ਹਾਲ ਸੀ। ਗੁਰੂ ਦੀ ਕਲਾ ਨੂੰ ਅਸੀਂ ਸਤਹੀ ਰੂਪ ਵਿੱਚ ਜਾਣਦੇ ਹਾਂ ਪਰ ਜੋ ਉਸ ਨੇ ਸਿਰਜਿਆ, ਘੜਿਆ ਬਣਾਇਆ ਹੈ ਉਸ ਤੋਂ ਜੀਵ ਅਨਜਾਣ ਰਹਿੰਦਾ ਹੈ। ਮੈਨੂੰ ਉਹ ਦਿਨ ਅੱਜ ਵੀ ਯਾਦ ਹੈ ਜਦੋਂ ਹਰੀ ਮੰਦਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਗੁਰੂ ਨਾਨਕ ਦੇਵ ਜੀ ਦੇ ਤਖਤ 'ਤੇ ਬਿਰਾਜਮਾਨ ਹੋਏ। ਸੰਗਤ ਵੱਲੋਂ ਜੈਕਾਰੇ ਬੁਲਾਏ ਗਏ ਨੱਬੇ ਤੋਂ ਬਾਅਦ ਜੰਮੀ ਸਾਡੇ ਹਾਣ ਦੀ ਪੀੜ੍ਹੀ ਆਪ ਦੀ ਸ਼ਖ਼ਸੀਅਤ ਤੋਂ ਅਣਜਾਣ ਸੀ। ਕਿਉਂਕਿ ਆਪ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ 1982 ਤੋਂ ਬੰਗਲੌਰ ਫਾਰਮ ਤੇ ਸਰਗਰਮ ਰਹੇ। ਸ਼ਾਇਦ ਇਤਿਹਾਸ ਨੇ ਆਪਣੇ ਆਪ ਨੂੰ ਦੁਹਰਾਇਆ ਸੀ। ਗੁਰੂ ਨਾਨਕ ਦੇਵ ਜੀ ਦੇ ਇਸ ਰਾਜ ਯੋਗ ਤਖਤ ਉਤੇ ਇਸ ਦਾ ਅਸਲੀ ਵਾਰਿਸ ਕਈ ਵਾਰ ਸਿੱਖ ਸੰਗਤ ਦੀ ਸੋਚ ਤੋਂ ਅਪਹੁੰਚ ਹੁੰਦਾ ਹੈ ਜਿਵੇਂ ਸਤਿਗੁਰੂ ਤੇਗ ਬਹਾਦਰ ਜੀ ਜੋ ਬਾਬੇ ਬਕਾਲੇ ਬੈਠੇ ਸੀ ਤੇ ਸਤਿਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਇਸ਼ਾਰਾ ਕੀਤਾ। ਇਸ ਇਸ਼ਾਰੇ ਤੋਂ ਪਹਿਲਾਂ ਕਿਸੇ ਨੂੰ ਇਨ੍ਹਾਂ ਬਾਰੇ ਸੁਰ ਖਿਆਲ ਹੀ ਨਹੀਂ ਸੀ। ਇਸ ਤਰ੍ਹਾਂ ਹੀ ਸਤਿਗੁਰੂ ਰਾਮ ਸਿੰਘ ਜੀ ਨੂੰ ਅਤੇ ਸਿੱਖੀ ਪ੍ਰਚਾਰ ਵਿੱਚ ਸਰਗਰਮ ਸੂਬਿਆਂ ਨੂੰ ਅੰਗ੍ਰੇਜ਼ ਸਰਕਾਰ ਨੇ ਜਲਾਵਤਨ ਕਰ ਦਿੱਤਾ ਪਰ ਸਿੱਖੀ ਬਾਗ ਨੂੰ ਸੰਭਾਲਣ ਲਈ ਜੋ ਯੋਗ ਆਤਮਾ ਸੀ ਉਸਦਾ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ। ਭਾਵ ਬਾਬਾ ਬੁੱਧ ਸਿੰਘ (ਸਤਿਗੁਰੂ ਹਰੀ ਸਿੰਘ) ਸਤਿਗੁਰੂ ਜੀ ਦੇ ਛੋਟੇ ਭਰਾਤਾ ਇੰਨੀ ਵੱਡੀ ਸਖ਼ਸ਼ੀਅਤ ਹਨ ਇਸ ਗੱਲ ਦਾ ਪਤਾ ਸੰਗਤਾਂ ਅਤੇ ਹਕੂਮਤ ਨੂੰ ਬਾਅਦ ਵਿੱਚ ਲੱਗਦਾ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਅਨੇਕਾਂ ਭਵਿੱਖਤ ਬਚਨ ਆਪਣੇ ਭਰਾ ਵਾਸਤੇ ਕੀਤੇ ਜੋ ਬਾਅਦ ਵਿੱਚ ਸੰਗਤਾਂ ਨੂੰ ਸਪੱਸ਼ਟ ਹੋਏ। ਇਸ ਤਰ੍ਹਾਂ ਹੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਨੇਕਾਂ ਬਚਨ (ਅਗਲੇ ਵਾਰਿਸ ਲਈ ਇਸ਼ਾਰੇ) ਹਜ਼ੂਰ ਸਤਿਗੁਰੂ ਜੀ ਬਾਰੇ ਹੋਏ। ਸਤਿਗੁਰੂ ਉਦੇ ਸਿੰਘ ਜੀ ਨੂੰ ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲਿਆ ਅੱਜ 12 ਵਰ੍ਹੇ ਹੋ ਗਏ ਹਨ। ਇਸ ਇਕ ਦਹਾਕੇ ਵਿੱਚ ਅਨੇਕਾਂ ਉਤਰਾਅ ਚੜ੍ਹਾਅ ਆਏ ਪਰ ਆਪਣੇ ਹਰ ਇਕ ਇਮਿਤਿਹਾਨ ਨੂੰ ਸਹਿਜਤਾ, ਨਿਡਰਤਾ ਅਤੇ ਸੂਝ-ਬੂਝ ਨਾਲ ਪਾਸ ਕੀਤਾ। ਸਤਿਗੁਰੂ ਜਗਜੀਤ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਜਦੋਂ ਮੀਡੀਆ ਨਾਲ ਆਪ ਗੱਲਬਾਤ ਕਰ ਰਹੇ ਸੀ ਤਾਂ ਉਸ ਸਮੇਂ ਇਕ ਸਵਾਲ ਆਪ ਨੂੰ ਕੀਤਾ ਗਿਆ ਕਿ ਤੁਹਾਡੇ ਹੁਣ ਭਵਿੱਖੀ ਕਾਰਜ ਕੀ ਹੋਣਗੇ ਤਾਂ ਆਪ ਨੇ ਬੜੀ ਸਹਿਜਤਾ ਨਾਲ ਉਤਰ ਦਿੱਤਾ ਅਸੀਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਆਰੰਭ ਕੀਤੇ ਕਾਰਜਾਂ ਨੂੰ ਅੱਗੇ ਵਧਾਵਾਂਗੇ, ਪੂਰੇ ਕਰਾਂਗੇ ਤੇ ਉਨ੍ਹਾਂ ਦੀਆਂ ਖੁਸ਼ੀਆਂ ਲਵਾਂਗੇ। ਟੀਚਾ ਸਪੱਸ਼ਟ ਸੀ।

**ਦੁਬਿਧਾ–** ਅਕਸਰ ਇਹ ਵੇਖਣ-ਪੜ੍ਹਣ ਨੂੰ ਮਿਲਦਾ ਹੈ ਕਿ ਜਦੋਂ ਜੋਤਿ ਆਪਣਾ ਸਰੀਰ ਬਦਲਦੀ ਹੈ ਤਾਂ ਅਨੇਕਾਂ ਤਰ੍ਹਾਂ ਦੀਆਂ ਦੁਬਿਧਾਵਾਂ ਕੁਝ ਸ਼ਰਾਰਤੀ ਮਨੁੱਖਾਂ ਦੁਆਰਾ ਪੈਦਾ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਦੁਬਿਧਾਵਾਂ ਦਾ ਗੁਰੂ ਨਾਨਕ ਪਾਤਸ਼ਾਹ ਤੋਂ ਬਾਅਦ ਲਗਭਗ ਸਾਰੇ ਗੁਰੂ ਸਾਹਿਬਾਨਾਂ ਨੂੰ ਕਿਸੇ-ਨਾ-ਕਿਸੇ ਰੂਪ ਵਿੱਚ ਸਾਹਮਣਾ ਕਰਨਾ ਪਿਆ ਹੈ। ਸਤਿਗੁਰੂ ਜਗਜੀਤ ਸਿੰਘ ਜੀ ਤੋਂ ਬਾਅਦ ਕੁਝ ਆਪੂੰ ਬਣੇ ਚੌਧਰੀਆਂ ਨੇ ਸੰਗਤਾਂ ਨੂੰ ਗੁਮਰਾਹ ਕਰਨ ਲਈ ਪ੍ਰਚਾਰ ਕੀਤਾ। ਗੁੰਮਰਾਹ-ਕੁੰਨ ਪ੍ਰਚਾਰ ਦੇ ਖਿਲਾਫ਼ ਮਾਤਾ ਚੰਦ ਕੌਰ ਜੀ ਨੇ ਪ੍ਰਚਾਰ ਦੌਰੇ ਅਰੰਭ ਕੀਤੇ। ਸੰਗਤ ਨੂੰ

ਪ੍ਰੇਰਿਆ ਤੇ ਸਮਝਾਇਆ। ਇਨ੍ਹਾਂ ਦਿਨਾਂ ਵਿੱਚ ਬਹੁਤ ਸਾਰੇ ਢੌਂਗੀ ਪ੍ਰਚਾਰਕ ਸਨ ਜੋ ਆਪ ਦਾ ਨਾਮ ਲੈ ਸਟੇਜਾਂ ਤੋਂ ਸੰਗਤ ਨੂੰ ਗੁੰਮਰਾਹ ਕਰਦੇ ਰਹੇ ਪਰ ਆਪ ਨੇ ਕਿਸੇ ਇਕ ਬੰਦੇ ਖਿਲਾਫ਼ ਵੀ ਕੋਈ ਟਿੱਪਣੀ ਨਹੀਂ ਕੀਤੀ ਸਗੋਂ ਸੰਗਤ ਨੂੰ ਨਾਮ ਬਾਣੀ ਕਰਨ ਲਈ ਪ੍ਰੇਰਿਆ ਤੇ ਕਿਹਾ "**ਪਰ ਕਾ ਬੁਰਾ ਨਾ ਰਾਖਉ ਚੀਤ॥ ਤੁਮ ਕੋ ਦੁਖ ਨਹੀ ਭਾਈ ਮੀਤ॥** " ਇਨ੍ਹਾਂ ਸਮਿਆਂ ਵਿੱਚ ਕੁਝ ਅਣਸੁਖਾਵੀਆਂ ਘਟਨਾਵਾਂ ਵੀ ਵਾਪਰੀਆਂ ਇਨ੍ਹਾਂ ਸਾਰੀਆਂ ਵਿਰੋਧੀ ਚਾਲਾਂ ਦਾ ਆਖਰ ਭਾਂਡਾ ਚੌਰਾਹੇ ਭੱਜਿਆ। ਗੁਰੂ ਅਰਜਨ ਦੇਵ ਜੀ ਸਾਰੰਗ ਰਾਗ ਵਿੱਚ ਲਿਖਦੇ ਹਨ-

ਟੂਟੀ ਨਿੰਦਕ ਕੀ ਅਧ ਬੀਚ॥
ਜਨ ਕਾ ਰਾਖਾ ਆਪਿ ਸੁਆਮੀ
ਬੇਮੁਖ ਕਉ ਆਇ ਪਹੂਚੀ ਮੀਚ॥
ਉਸ ਕਾ ਕਹਿਆ ਕੋਇ ਨ ਸੁਣਈ
ਕਹੀ ਨ ਬੈਸਣ ਪਾਵੈ॥
ਈਹਾ ਦੁਖੁ ਆਗੈ ਨਰਕੁ ਭੁੰਚੈ ਬਹੁ ਜੋਨੀ ਭਰਮਾਵੈ॥
ਪ੍ਰਗਟੁ ਭਇਆ ਖੰਡੀ ਬ੍ਰਹਮੰਡੀ ਕੀਤਾ ਆਪਣਾ ਪਾਇਆ॥
ਨਾਨਕ ਸਰਣਿ ਨਿਰਭਉ ਕਰਤੇ ਕੀ
ਅਨਦ ਮੰਗਲ ਗੁਣ ਗਾਇਆ॥

ਸੱਚਮੁਚ ਹੀ ਇਨ੍ਹਾਂ ਦਿਨਾਂ ਵਿੱਚ ਆਪ ਨੇ ਨਿਰਭਉ ਹੋ ਜਿਵੇਂ ਸਾਧ ਸੰਗਤ ਨੂੰ ਨਾਮ-ਸਿਮਰਨ, ਗੁਰਬਾਣੀ, ਕੀਰਤਨ ਨਾਲ ਜੋੜਿਆ ਇਸ ਤੋਂ ਸਪੱਸ਼ਟ ਹੋ ਗਿਆ ਕਿ ਏਨੇ ਵੱਡੇ ਪਏ ਖਿਲਾਰੇ ਵਿੱਚ ਜਦੋਂ ਹਰ ਕੋਈ ਮਾਨਸਿਕ ਪੱਖ ਤੋਂ ਅਸਥਿਰ ਹੋਵੇ ਉਸ ਸਮੇਂ ਕੋਈ ਮਹਾਨ ਆਤਮਾ ਹੀ ਏਨੀ ਸ਼ਾਂਤ ਅਤੇ ਸਹਿਜ ਹੋ ਸਕਦੀ ਹੈ।

**ਨੌਜਵਾਨ ਪੀੜੀ ਦੀ ਸੰਭਾਲ-** ਸਤਿਗੁਰੂ ਜੀ ਨੇ ਗੱਦੀ 'ਤੇ ਬੈਠਣ ਤੋਂ ਬਾਅਦ ਨਾਮਧਾਰੀ ਨੌਜਵਾਨਾਂ ਨੂੰ ਅਧਿਆਤਿਮਕ, ਸਮਾਜਿਕ ਅਤੇ ਆਰਥਿਕ ਪੱਖੋਂ ਕਾਮਯਾਬ ਕਰਨ ਲਈ ਕਾਰਜ ਆਰੰਭ ਕੀਤੇ। ਖ਼ਾਸ ਕਰਕੇ ਇਹ ਸਮਾਂ ਪੰਜਾਬ ਦੀ ਨੌਜਵਾਨੀ ਲਈ ਬੜਾ ਭਿਆਨਕ ਸੀ। ਨਵੇਂ-ਨਵੇਂ ਨਸ਼ੇ ਲਗਾਤਾਰ ਨੌਜਵਾਨਾਂ ਨੂੰ ਸ਼ਿਕਾਰ ਬਣਾ ਰਹੇ ਸਨ। ਹੁਣ ਤੱਕ ਅਸੀਂ ਹਰ ਰੋਜ਼ ਖ਼ਬਰਾਂ ਦੇਖ ਰਹੇ ਹਾਂ ਕਿਵੇਂ ਛੋਟੀ-ਛੋਟੀ ਉਮਰ ਦੇ ਨੌਜਵਾਨ ਨਸ਼ੇ ਦੀ ਓਵਰ-ਡੋਜ਼ ਨਾਲ ਮਰ ਰਹੇ ਹਨ। ਨਸ਼ੇ ਦੇ ਦੈਂਤ ਨੇ ਇਲਾਕਾ ਜੀਵਨ ਨਗਰ ਵਿੱਚ ਵੀ ਪੈਰ ਪਸਾਰੇ। ਕਈ ਨਾਮਧਾਰੀ ਨੌਜਵਾਨ ਵੀ ਇਸ ਚਪੇਟ ਵਿੱਚ ਆਏ। ਸਤਿਗੁਰੂ ਜੀ ਨੇ ਲਗਾਤਾਰ ਨੌਜਵਾਨਾਂ ਨਾਲ ਸੰਪਰਕ ਸਥਾਪਿਤ ਰੱਖਿਆ। ਸੈਮੀਨਾਰ ਕਰਾਏ ਜੋ ਸ਼ਿਕਾਰ ਹੋ ਗਏ ਸੀ, ਉਨ੍ਹਾਂ ਨੂੰ ਇਸ ਦਲਦਲ ਵਿੱਚੋਂ ਕੱਢਣ ਲਈ ਇਲਾਜ ਕਰਾਇਆ। ਨਸ਼ੇ ਦਾ ਇਕ ਕਾਰਨ ਬੇਰੁਜ਼ਗਾਰੀ ਵੀ ਹੈ। ਵਿਹਲਾ ਹੋਇਆ ਨੌਜਵਾਨ ਮਾਨਸਿਕ ਪੱਖੋਂ ਕਮਜ਼ੋਰ ਹੁੰਦਾ ਜਾਂਦਾ ਹੈ। ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਨ ਲਈ ਕਈ ਸਫ਼ਲ ਉਪਰਾਲੇ ਕੀਤੇ ਗਏ। ਬਹੁਤ ਸਾਰੇ ਮੁੰਡੇ ਕੁੜੀਆਂ ਐਸ.ਪੀ.ਐਸ. ਹਸਪਤਾਲ ਅਤੇ ਨਾਮਧਾਰੀ ਸੀਡਜ਼ ਵਿੱਚ ਯੋਗਤਾ ਅਨੁਸਾਰ ਕੰਮ ਕਾਰ ਨੂੰ ਲਾਏ। ਆਪ ਇੱਕ ਦਿਨ ਨਿਜੀ ਸੇਵਕ ਆਸਾ ਸਿੰਘ ਨਾਲ ਬਚਨ ਕਰ ਰਹੇ ਸੀ ਕਿ ਕੋਈ ਨੌਜਵਾਨ ਆਪਣਾ ਵਿਹਲਾ ਤਾਂ ਨਹੀਂ? ਆਸਾ ਸਿੰਘ ਦਾ ਜਵਾਬ ਸੀ ਨਹੀਂ ਪਾਤਸ਼ਾਹ ਸ੍ਰੀ ਭੈਣੀ ਸਾਹਿਬ ਤਾਂ ਕੋਈ ਨਹੀਂ ਰਿਹਾ। ਜੋ ਨੌਜਵਾਨ ਕੰਮ ਕਰਨਾ ਚਾਹੁੰਦੇ ਸੀ ਤੇ ਉਸ ਕੋਲ ਕੰਮ ਨਹੀਂ ਸੀ, ਸਤਿਗੁਰੂ ਜੀ ਨੇ ਉਸ ਨੂੰ ਕਾਬਲੀਅਤ ਅਨੁਸਾਰ ਕੰਮ ਦਿੱਤਾ ਜੋ ਇਸ ਸਮੇਂ ਦੀ ਬਹੁਤ ਵੱਡੀ ਮੰਗ ਹੈ। ਸੂਫ਼ੀ ਫਕੀਰ ਸੁਲਤਾਨ ਬਾਹੂ ਨੇ ਕਿਹਾ ਸੀ-

ਮੀਮ- ਮੁਰਸ਼ਦ ਉਹ ਸਹੇੜੀਏ
ਜਿਹੜਾ ਦੋ ਜੱਗ ਖੁਸ਼ੀ ਵਿਖਾਵੇ ਹੂੰ।
ਪਹਿਲੇ ਗਮ ਟੁੱਕਰ ਦਾ ਮੇਟੇ
ਵੱਤ ਰੱਬ ਦਾ ਰਾਹ ਸੁਝਾਵੇ ਹੂੰ।
ਕੱਲਰ ਵਾਲੀ ਕੰਧੀ ਨੂੰ ਚਾ
ਚਾਂਦੀ ਖਾਸ ਬਣਾਵੇ ਹੂੰ।
ਜੇ ਮੁਰਸ਼ਦ ਏਥੇ ਕੁਝ ਨਾ ਕੀਤਾ
ਬਾਹੂ ਕੂੜੇ ਲਾਰੇ ਲਾਵੇ ਹੂੰ।

ਨੌਜਵਾਨਾਂ ਨੂੰ ਆਰਥਿਕ ਅਤੇ ਸਮਾਜਿਕ ਪੱਖ ਦੇ ਨਾਲ-ਨਾਲ ਧਾਰਮਿਕ ਜੀਵਨ ਜਿਊਣ ਲਈ ਪ੍ਰੇਰਿਆ। ਆਪਣੇ ਵੱਖ-ਵੱਖ ਥਾਂਵਾਂ 'ਤੇ ਨੌਜਵਾਨਾਂ ਦੀਆਂ ਭਜਨ ਵਰਨੀਆਂ ਆਰੰਭ ਕਰਵਾਈਆਂ। ਕੰਮ ਕਾਰਾਂ ਤੋਂ ਸਮਾਂ ਕੱਢ ਨੌਜਵਾਨ ਇਸ਼ਨਾਨ ਕਰ ਮਾਲਾ ਫੜ ਬੈਠ ਭਜਨ ਕਰਦੇ। ਸ੍ਰੀ ਭੈਣੀ ਸਾਹਿਬ ਵੀ ਲਗਾਤਾਰ ਨੌਜਵਾਨਾਂ ਦੀ ਭਜਨ ਵਰਨੀ ਚੱਲ ਰਹੀ ਹੈ। ਇਸ ਤਰ੍ਹਾਂ ਹੀ ਆਪ ਨੇ ਵੱਖ-ਵੱਖ ਇਲਾਕਿਆਂ ਵਿੱਚ ਉਸਤਾਦਾਂ ਨੂੰ ਭੇਜ ਨੌਜਵਾਨਾਂ ਨੂੰ ਗੁਰਬਾਣੀ ਪਾਠ ਦੀ ਸੰਥਿਆ ਦਿਵਾਈ। ਤਾਂ ਕਿ ਲੋੜ ਪੈਣ ਤੇ ਆਪਣੇ ਇਲਾਕੇ ਵਿੱਚ ਖ਼ੁਦ ਹੀ ਅਖੰਡ ਪਾਠ ਕਰ ਸਕਣ। ਔਨ-ਲਾਈਨ ਗੁਰਬਾਣੀ ਸਿਖਾਉਣ ਦਾ ਪ੍ਰਬੰਧ ਕੀਤਾ। ਅੱਜ ਸੈਂਕੜੇ ਹੀ ਬੱਚੇ ਦੇਸ਼ ਵਿਦੇਸ਼ ਦੇ ਇਸ ਔਨ-ਲਾਈਨ ਮਾਧਿਅਮ ਰਾਹੀਂ ਗੁਰਬਾਣੀ, ਕੀਰਤਨ ਸਿਖ ਰਹੇ ਹਨ। ਆਪ ਜੀ ਵੱਡੇ ਮੇਲਿਆਂ ਵਿੱਚ ਵਿਸ਼ੇਸ਼ ਇਕੱਤਰਤਾ ਕਰਕੇ ਨੌਜਵਾਨਾਂ ਨੂੰ ਸੰਬੋਧਨ ਹੁੰਦੇ। ਇਸ ਤਰ੍ਹਾਂ ਨਾਮਧਾਰੀ

ਨੌਜਵਾਨੀ ਨੂੰ ਆਪ ਨੇ ਇਕ ਸੂਤਰ ਵਿੱਚ ਪਰੋ ਲਿਆ ਹੈ।

**ਨਵੀਆਂ ਯੋਜਨਾਵਾਂ–** ਸਤਿਗੁਰੂ ਜੀ ਨੇ ਪੰਥਕ ਸੰਗਠਨ ਨੂੰ ਮਜ਼ਬੂਤ ਕਰਨ ਲਈ ਵੱਖ-ਵੱਖ ਇਲਾਕਿਆਂ ਵਿੱਚ ਨਵੇਂ ਸੇਵਾਦਾਰ ਨਿਯੁਕਤ ਕੀਤੇ। ਕਈ ਨਵੇਂ ਸੂਬੇ ਬਣਾਏ ਗਏ। ਕਈ ਨਵੇਂ ਨਾਮਧਾਰੀ ਗੁਰਦੁਆਰਿਆਂ ਦੀ ਸਥਾਪਨਾ ਕੀਤੀ ਪੁਰਾਣਿਆਂ ਦੀ ਮੁਰੰਮਤ ਕਰਵਾਈ। ਸਾਧ ਸੰਗਤ ਨੂੰ ਪ੍ਰੇਰਿਆ ਕਿ ਉਹ ਆਪਣੇ ਗੁਰਦੁਆਰਿਆਂ ਵਿੱਚ ਸਵੇਰੇ ਸ਼ਾਮ ਜੁੜ ਬੈਠਣ ਤੇ ਨਾਮ ਬਾਣੀ ਦਾ ਅਭਿਆਸ ਕਰਨ। ਆਪ ਦਾ ਉਪਦੇਸ਼ ਹੈ ਕਿ ਸਾਡੇ ਗੁਰਦੁਆਰੇ (ਧਰਮਸ਼ਾਲਾਵਾਂ) ਸਿੱਖਾਂ ਦਾ ਇਕਹਿਰਾ ਵਿਕਾਸ ਨਾ ਕਰ ਬਹੁਪੱਖੀ ਵਿਕਾਸ ਦਾ ਸੈਂਟਰ ਬਣਨ। ਇਸ ਲਈ ਆਪ ਨੇ ਬਹੁਤ ਸਾਰੇ ਗੁਰਦੁਆਰਿਆਂ ਵਿੱਚ ਖੇਡ ਮੈਦਾਨ ਬਣਾਏ ਜਿਥੇ ਬੱਚੇ ਆ ਸਰੀਰਕ ਤੰਦਰੁਸਤੀ ਲਈ ਮਿਹਨਤ ਕਰਦੇ ਹਨ। ਨਾਮਧਾਰੀ ਹਾਕੀ ਟੀਮ ਨੇ ਜੋ ਇਤਿਹਾਸ ਸਿਰਜਿਆ ਹੈ ਉਹ ਕਿਸੇ ਤੋਂ ਲੁਕਿਵਾ ਨਹੀਂ। ਸਤਿਗੁਰੂ ਜੀ ਨੇ ਸਮੇਂ ਦੀ ਮੰਗ ਨੂੰ ਵੇਖਦੇ ਹੋਏ (2018) ਫੁੱਟਬਾਲ ਅਕੈਡਮੀ ਸ਼ੁਰੂ ਕੀਤੀ। ਇਸ ਅਕੈਡਮੀ ਦੀਆਂ ਕੁਝ ਸਬ ਬ੍ਰਾਂਚਾ ਵੀ ਸਥਾਪਿਤ ਹੋਈਆਂ ਹਨ। ਵੱਖ-ਵੱਖ ਨਗਰਾਂ, ਸ਼ਹਿਰਾਂ, ਪਿੰਡਾ ਦੇ ਨਾਮਧਾਰੀ ਬੱਚੇ ਸ੍ਰੀ ਭੈਣੀ ਸਾਹਿਬ ਹੋਸਟਲ ਵਿੱਚ ਰਹਿ ਕੇ ਜਿਥੇ ਸਕੂਲੀ ਵਿੱਦਿਆ ਪ੍ਰਾਪਤ ਕਰਦੇ ਹਨ ਉਥੇ ਫੁੱਟਬਾਲ ਦੀ ਟ੍ਰੇਨਿੰਗ ਕਾਬਲ ਕੋਚਾਂ ਤੋਂ ਲੈ ਰਹੇ ਹਨ। ਆਉਣ ਵਾਲੇ ਸਮੇਂ ਵਿੱਚ ਜਿਸ ਤਰ੍ਹਾਂ ਦੁਨੀਆਂ ਨੇ ਵੇਖਿਆ ਸੀ ਕਿ ਸਿਖੀ ਸਰੂਪ 'ਚ ਨਾਮਧਾਰੀ ਮੁੰਡੇ ਹਾਕੀ ਖੇਡਦੇ ਹਨ ਉਸ ਤਰ੍ਹਾਂ ਹੀ ਫੁੱਟਬਾਲ ਖੇਡਦੇ ਵੇਖਣਗੇ। ਪਿਛਲੇ ਦੋ ਦਹਾਕਿਆਂ ਤੋਂ ਪੰਜਾਬ ਵਿੱਚੋਂ ਲਗਾਤਾਰ ਪ੍ਰਵਾਸ ਹੋ ਰਿਹਾ ਹੈ। ਬਹੁਤ ਸਾਰੇ ਨਾਮਧਾਰੀ ਨੌਜਵਾਨ ਵੀ ਪੜ੍ਹਾਈ ਕਾਰੋਬਾਰ ਲਈ ਵੱਖ-ਵੱਖ ਦੇਸ਼ਾਂ ਨੂੰ ਜਾ ਰਹੇ ਹਨ। ਸਤਿਗੁਰੂ ਜੀ ਨੇ ਪਿਛਲੇ ਸਮੇਂ ਵਿੱਚ ਕੈਨੇਡਾ ਅਤੇ ਅਸਟ੍ਰੇਲੀਆ ਵਿੱਚ ਨਵੇਂ ਗੁਰਦੁਆਰਿਆਂ ਲਈ ਜਗ੍ਹਾ ਖਰੀਦੀ ਹੈ ਤਾਂ ਕਿ ਵਿਦੇਸ਼ਾਂ ਵਿੱਚ ਬੈਠੇ ਸਾਡੇ ਪਰਿਵਾਰ ਸਿੱਖੀ ਨਾਲ ਜੁੜੇ ਰਹਿਣ। ਨਵੀਂ ਪੀੜ੍ਹੀ ਜੋ ਉਥੋਂ ਦੀ ਹੀ ਜੰਮਪਲ ਹੈ ਉਸ ਨੂੰ ਸੇਵਾ, ਸਿਮਰਨ, ਗੁਰਬਾਣੀ ਪੜ੍ਹਣ ਦੀ ਜਾਚ ਆ ਸਕੇ ਤੇ ਉਹ ਆਪਣੇ ਵਿਰਸੇ, ਇਤਿਹਾਸ ਨਾਲ ਜੁੜੇ ਰਹਿਣ। ਇਸ ਲਈ ਹਫ਼ਤਾਵਾਰੀ ਪ੍ਰੋਗਰਾਮ ਇਨ੍ਹਾਂ ਗੁਰਦੁਆਰਿਆਂ ਵਿੱਚ ਚੱਲ ਰਹੇ ਹਨ।

ਸਤਿਗੁਰੂ ਜੀ ਬਹੁਤ ਵਾਰੀ ਇਹ ਉਪਦੇਸ਼ ਕਰਦੇ ਹਨ ਕਿ 100 ਪਾਠ ਬਾਹਰੋਂ ਕਰਵਾਉਣ ਨਾਲੋਂ ਇਕ ਪਾਠ ਖੁਦ ਕਰੋ ਤਾਂ ਜ਼ਿਆਦਾ ਮਹੱਤਵ ਹੈ। ਇਸ ਲਈ ਆਪ ਨੇ ਹਰ ਇਲਾਕੇ ਦੀ ਸੰਗਤ ਨੂੰ ਇਹ ਹੁਕਮ ਕੀਤਾ ਹੈ ਕਿ ਸਾਨੂੰ ਪਾਠ ਕਰਨ ਲਈ ਪਾਠੀ ਸਿੰਘ ਬਾਹਰੋਂ ਨਾ ਮੰਗਵਾਉਣੇ ਪੈਣ। ਸਾਡੇ ਸਾਰੇ ਬੱਚਿਆਂ ਨੂੰ ਗੁਰਬਾਣੀ ਦਾ ਪਾਠ ਆਉਂਦਾ ਹੋਵੇ।

**ਭਵਨ ਨਿਰਮਾਣ–** ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਿਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਅਤੇ ਇਲਾਕਾ ਸ੍ਰੀ ਜੀਵਨ ਨਗਰ ਦੀ ਕਾਇਆ ਕਲਪ ਕਰ ਦਿੱਤੀ ਸੀ। ਦੀਵਾਨ ਹਾਲ, ਲੰਗਰ, ਰਿਹਾਇਸ਼ੀ ਕਮਰੇ, ਸਰਾਵਾਂ ਆਦਿ ਇਮਾਰਤਾਂ ਪੱਕੀਆਂ ਬਣਾਈਆ। ਸ੍ਰੀ ਮਾਤਾ ਚੰਦ ਕੌਰ ਜੀ ਨੇ ਇਸ ਕਾਰਜ ਨੂੰ ਸਿਰੇ ਚਾੜ੍ਹਣ ਲਈ ਦਿਨ ਰਾਤ ਸੇਵਾ ਕੀਤੀ। ਹਜ਼ੂਰ ਸਤਿਗੁਰੂ ਜੀ ਜਦੋਂ ਗੱਦੀ 'ਤੇ ਬਿਰਾਜਮਾਨ ਹੋਏ ਤਾਂ ਆਪ ਨੇ ਮਹਿਸੂਸ ਕੀਤਾ ਕਿ ਕੁਝ ਇਮਾਰਤਾਂ ਸਮੇਂ ਦੀ ਮੰਗ ਅਨੁਸਾਰ ਜਲਦੀ ਬਣਾਉਣੀਆਂ ਚਾਹੀਦੀਆਂ ਹਨ ਇਸ ਲਈ ਸੱਭ ਤੋਂ ਪਹਿਲਾਂ ਸ੍ਰੀ ਭੈਣੀ ਸਾਹਿਬ ਪਾਠਾਂ ਵਾਲੇ ਮੰਦਰ ਦੀ ਉਸਾਰੀ ਕੀਤੀ ਗਈ। ਇਹ ਵਿਸ਼ਾਲ ਮੰਦਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ ਉਨ੍ਹਾਂ ਦੇ ਸੰਸਕਾਰ ਵਾਲੀ ਜਗ੍ਹਾ ਤੇ ਬਣਾਇਆ ਗਿਆ ਹੈ। ਮਾਤਾ ਚੰਦ ਕੌਰ ਜੀ ਦੇ ਜਾਣ ਤੋਂ ਬਾਅਦ ਉਨ੍ਹਾਂ ਦੇ ਸੰਸਕਾਰ ਵਾਲੀ ਜਗ੍ਹਾ ਵੀ ਵਿੱਚ ਜੋੜ ਦਿੱਤੀ ਗਈ। ਇਹ ਵਿਸ਼ਾਲ ਤੇ ਖੂਬਸੂਰਤ ਮੰਦਰ ਸ੍ਰੀ ਭੈਣੀ ਸਾਹਿਬ ਸਰੋਵਰ ਦੇ ਬਿਲਕੁਲ ਸਾਮ੍ਹਣੇ ਹੈ। ਇਸ ਦੀ ਦਿੱਖ ਆਈ ਸੰਗਤ ਨੂੰ ਆਪਣੇ ਵੱਲ ਖਿੱਚਦੀ ਹੈ। ਵੱਡੀ ਗਿਣਤੀ ਵਿੱਚ ਸੰਗਤ ਬੈਠ ਗੁਰਬਾਣੀ ਸੁਣ-ਪੜ੍ਹ ਸਕਦੀ ਹੈ। ਇਸ ਮੰਦਰ ਦੇ ਸੱਜੀ ਬਾਹੀ ਦੀ ਗੁੱਠ ਵਿੱਚ ਸ਼ੀਸੇ ਨਾਲ ਕਵਰ ਕਰ ਪੁਰਾਤਨ ਹਸਤ ਲਿਖਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਸੁਸ਼ੋਭਿਤ ਹਨ। ਇਸੇ ਤਰ੍ਹਾਂ ਹੀ ਸ੍ਰੀ ਭੈਣੀ ਸਾਹਿਬ ਹੋਣ ਵਾਲੇ ਮੇਲਿਆਂ ਲਈ ਕੋਈ ਵੱਡਾ ਦੀਵਾਨ ਹਾਲ ਨਹੀਂ ਸੀ। ਪ੍ਰਤਾਪ ਮੰਦਰ ਦਾ ਹਾਲ ਛੋਟਾ ਸੀ ਇਸ ਲਈ ਵੱਡੇ ਪੱਕੇ ਹਾਲ ਦੀ ਜ਼ਰੂਰਤ ਮਹਿਸੂਸ ਹੋ ਰਹੀ ਸੀ। ਇਕ ਦੋ ਮੇਲਿਆਂ ਵਿੱਚ ਮੀਂਹ ਕਾਰਨ ਬੇਸੁਆਦੀ ਵੀ ਹੋਈ। ਇਸ ਕਰਕੇ ਪ੍ਰਤਾਪ ਮੰਦਰ ਤੋਂ ਪਹਾੜ ਵਾਲੇ ਪਾਸੇ ਜ਼ਮੀਨ ਖਰੀਦ ਵੱਡੇ ਹਾਲ ਦੀ ਉਸਾਰੀ ਸ਼ੁਰੂ ਹੋਈ ਜੋ ਮੁਕੰਮਲ ਹੋ ਗਈ ਹੈ। ਇਸ ਵਾਰੀ ਪਹਿਲਾ ਹੋਲੇ ਦਾ ਮੇਲਾ ਸੰਗਤ ਇਸ ਨਵੇਂ ਬਣੇ ਵੱਡੇ ਹਾਲ ਵਿੱਚ ਦੇਖੇਗੀ।

ਸੰਗਤ ਲਈ ਆਧੁਨਿਕ ਸਹੂਲਤਾਂ ਨਾਲ ਲੈਸ ਤਿੰਨ ਮੰਜ਼ਿਲ ਗੈਸਟ ਹਾਊਸ ਦੀ ਉਸਾਰੀ ਤਿੰਨ ਨੰਬਰ ਗੇਟ ਦੇ ਨਾਲ ਕੀਤੀ ਗਈ। ਇਸ ਤਰ੍ਹਾਂ ਹੀ ਹੁਣ ਅਕਾਲ ਬੁੰਗੇ ਦੇ ਪਵਿੱਤਰ ਅਸਥਾਨ ਦਾ ਨਵੀਨੀਕਰਨ ਚੱਲ ਰਿਹਾ ਹੈ। ਕਲਾ ਕੇਂਦਰ ਦੀ ਸੁੰਦਰ ਇਮਾਰਤ ਬਣਾਈ ਗਈ ਜਿੱਥੇ ਬੱਚਿਆ ਨੂੰ ਸੰਗੀਤ ਦੀ ਤਾਲੀਮ ਦਿੱਤੀ ਜਾਂਦੀ ਹੈ।

**ਬਾਕੀ ਸਫਾ ਨੰ 23 'ਤੇ**

# ਜਾਨਨਹਾਰ ਪ੍ਰਭੂ ਪਰਬੀਨ



**ਗੁਰਦਿਆਲ ਸਿੰਘ ਫੌਜੀ**
9413648781

ਸਿਆਣੇ ਕਹਿੰਦੇ ਨੇ "ਗੁਰੂ ਬਿਨਾ ਗਤਿ ਨਹੀ, ਸ਼ਾਹ ਬਿਨਾ ਪੱਤ ਨਹੀ" ਇਹ ਗੱਲ ਸਹੀ ਹੈ ਕਿ ਹਰੇਕ ਇਨਸਾਨ ਨੂੰ ਗੁਰੂ ਦੀ ਸ਼ਰਨ ਜਾਣਾ ਜਰੂਰੀ ਹੈ। ਗੁਰਬਾਣੀ ਦਾ ਪਾਠ ਕਰੀਏ ਤਾ ਪਤਾ ਲੱਗਦਾ ਹੈ। ਜਿਨ੍ਹੇ ਵੀ ਰਿਸ਼ੀ ਮੁਨੀ ਹੋਏ ਨੇ। ਸਾਰਿਆਂ ਨੇ ਗੁਰੂ ਧਾਰਨ ਕੀਤਾ।

ਨਾਮਾ ਛੀਬਾ ਕਬੀਰ ਜੁਲਾਹਾ ਪੂਰੇ ਗੁਰ ਤੇ ਗਤਿ ਪਾਈ॥

ਸ਼ਾਹ ਦਾ ਮਤਲਬਾ ਸੇਠ ਜਾ ਸ਼ਾਹੂਕਾਰ, ਪਹਿਲਾਂ ਬੈਂਕ ਤਾ ਹੈ ਨਹੀਂ ਸਨ। ਪਿੰਡ ਸ਼ਹਿਰ ਵਿਚ ਸੇਠ ਜਾਂ ਸ਼ਾਹੂਕਾਰ ਸਨ। ਜੋ ਲੋਕਾਂ ਦੀ ਪੈਸਿਆਂ ਦੀਆਂ ਜ਼ਰੂਰਤਾ ਪੂਰੀਆਂ ਕਰਦੇ ਅਤੇ ਇਜ਼ਤ ਬਣਾਉਂਦੇ ਸਨ। ਇਸ ਲਈ ਕਹਿੰਦੇ ਸਨ ਕਿ ਸ਼ਾਹ ਬਿਨਾ ਪਤਿ ਨਹੀਂ।

ਸਾਡੇ ਪਿੰਡ (ਗੜ੍ਹ ਪਧਾਣਾ) ਤੋਂ ਨਵਾਂ ਸ਼ਹਿਰ 8 ਕੁ ਮੀਲ ਹੈ। ਨਵੇਂ ਸ਼ਹਿਰ ਤੋਂ ਚੜਦੇ ਪਾਸੇ ਜਿਹੜੀ ਸੜਕ ਚੰਡੀਗੜ੍ਹ ਨੂੰ ਜਾਂਦੀ ਹੈ ਤੇ 10 ਮੀਲ ਅੱਗੇ ਇੱਕ ਮਹਿਤਪੁਰ ਪਿੰਡ ਹੈ। ਸੰਨ 1973 ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਨੇ ਦਰਸ਼ਨ ਦਿੱਤੇ ਸਨ। ਉਥੇ ਦੀ ਨਾਮਧਾਰੀ ਸੰਗਤ ਵੱਲੋਂ ਇਹ ਮੇਲਾ ਰੱਖਿਆ ਗਿਆ ਸੀ। ਸਾਡੇ ਪਿੰਡੋ ਗੜ੍ਹ ਪਧਾਣੇ ਤੋਂ ਕਾਫੀ ਸੰਗਤ ਮੇਲੇ ਗਈ। ਮੈਂ ਵੀ ਨਾਲ ਚਲਾ ਗਿਆ। ਉਸ ਵੇਲੇ ਮੈਂ ਫੌਜ ਵਿਚ ਨੌਕਰੀ ਕਰਦਾ ਸੀ। ਜਦੋਂ ਮਹਿਤਪੁਰ ਪਹੁੰਚੇ ਤਾਂ ਪੰਡਾਲ ਵਿੱਚ ਦੀਵਾਨ ਲੱਗਾ ਹੋਇਆ ਸੀ। ਸੱਚੇਪਾਤਸ਼ਾਹ ਦੀ ਹਜ਼ੂਰੀ ਵਿਚ ਨਿਤਨੇਮ ਦੀ ਅਰਦਾਸ ਪੰਡਤ ਗੋਪਾਲ ਸਿੰਘ ਨੇ ਕੀਤੀ। ਮੈਂ ਬਿਲਕੁਲ ਸੱਚੇ ਪਾਤਸ਼ਾਹ ਦੇ ਆਸਣ ਦੇ ਸਾਮ੍ਹਣੇ ਬੈਠਾ ਸਾਂ ਤੇ ਸਮਾਪਤੀ ਦੀ ਅਰਦਾਸ ਹੋਈ। ਹੁਣ ਹਜ਼ੂਰੀ ਰਾਗੀਆਂ ਦਾ ਕੀਰਤਨ ਸੀ। ਉਸ ਟਾਈਮ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ ਜੀ ਡਾਲਟੰਨ ਗੰਜ ਵਾਲੇ ਜਿਨ੍ਹਾਂ ਦਾ ਕੀਰਤਨ ਬਹੁਤ ਹੀ ਰਸ ਭਿੰਨਾ ਕੀਰਤਨ ਕਰਦੇ ਸਨ ਤੇ ਤਬਲੇ ਤੇ ਸੰਤ ਖਜਾਨ ਸਿੰਘ ਬੜਾ ਹੀ ਅਨੰਦ ਆਇਆ। ਕੀਰਤਨ ਦੀ ਸਮਾਪਤੀ ਤੋਂ ਬਾਅਦ ਸੱਚੇ ਪਾਤਸ਼ਾਹ ਜੀ ਨੇ ਉਪਦੇਸ਼ ਦਿੱਤਾ। ਸਭ ਤੋਂ ਪਹਿਲਾ ਸੱਚੇ ਪਾਤਸ਼ਾਹ ਨੇ ਮੇਰੇ ਵੱਲ ਇਸ਼ਾਰਾ ਕੀਤਾ। ਮੈਂ ਇੱਕ ਦਮ ਸਹਿਮ ਗਿਆ। ਸਤਿਗੁਰੂ ਜੀ ਨੇ ਆਖਿਆ ਸਾਧ ਸੰਗਤ ਜੀ ਸਾਹਮਣੇ ਜੋ ਮੁੰਡਾ ਬੈਠਾ ਹੈ। ਇਹ ਫ਼ੌਜ ਵਿੱਚ ਹੈ। ਜਦੋਂ ਅਰਦਾਸ ਹੋਈ ਇਸ ਨੇ ਹੱਥ ਗਲਤ ਜੋੜੇ ਹੋਏ ਸਨ। ਸੱਚੇ ਪਾਤਸ਼ਾਹ ਨੇ ਆਪਣੇ ਦੋਨੋਂ ਹੱਥ ਜੋੜਕੇ ਦੱਸਿਆ ਸਾਧ ਸੰਗਤ ਜੀ ਇਸ ਤਰ੍ਹਾਂ ਹੱਥ ਜੋੜਨੇ ਹਨ।

ਮੈਂ ਆਪਣੇ ਆਪ ਨੂੰ ਬਹੁਤ ਖੁਸ਼ ਨਸੀਬ ਸਮਝਿਆ ਸੱਚੇ ਪਾਤਸ਼ਾਹ ਨੇ ਮੇਰੇ ਵੱਲ ਮੇਹਰ ਦੀ ਨਿਗ੍ਹਾ ਨਾਲ ਦੇਖਿਆ ਹੈ। 'ਨਾਨਕ ਨਦਰੀ ਨਦਰੁ ਨਿਹਾਲ' ਮੈਂ ਆਪਣੇ-ਆਪ ਨੂੰ ਧੰਨ ਭਾਗ ਸਮਝਿਆ। ਮੇਰਾ ਮੇਲੇ ਵਿੱਚ ਆਉਣਾ ਸਫਲ ਹੋ ਗਿਆ। ਫਿਰ ਪੰਡਤ ਜੀ ਨੇ ਮਰਯਾਦਾ ਬਾਰੇ ਸਾਧ ਸੰਗਤ ਨੂੰ ਦੱਸਿਆ। ਮਹਿਤਪੁਰ ਪਿੰਡ ਦੇ ਇਕ ਮਾਸਟਰ ਸਾਹਿਬ ਵੀ ਸੰਗਤ ਵਿਚ ਬੈਠੇ ਸਭ ਕੁਝ ਸੁਣ ਰਹੇ ਸਨ। ਹੋਣਗੇ ਕੋਈ 40 ਸਾਲ ਦੇ ਲਾਲ ਦਸਤਾਰ ਬੰਨ੍ਹੀ ਹੋਈ ਪੈਂਟ ਕਮੀਜ ਪਾਈ ਹੋਈ ਸੀ। ਵਿਦਿਵਾਨ ਸੱਜਣ ਸਨ। ਉਨ੍ਹਾਂ ਨੇ ਇਛਾ ਪ੍ਰਗਟ ਕੀਤੀ ਕਿ ਮੈਨੂੰ ਵੀ ਕੁਝ ਟਾਈਮ ਦਿਉਂ। ਮੈਂ ਵੀ ਸਤਿਗੁਰੂ ਦੀ ਹਜ਼ੂਰੀ ਵਿਚ ਕੁਝ ਵਿਚਾਰ ਰੱਖਣੇ ਨੇ। ਮਾ. ਸਾਹਿਬ ਨੇ ਜਦੋਂ ਬੋਲਣਾ ਸ਼ੁਰੂ ਕੀਤਾ। ਪਹਿਲਾ ਤਾਂ ਮਾ. ਸਾਹਿਬ ਨੇ ਪਿਆਰ ਨਾਲ ਹੋਲੀ-ਹੋਲੀ ਬੋਲਣਾ ਸ਼ੁਰੂ ਕੀਤਾ। ਫਿਰ ਥੋੜੇ ਸਮੇਂ ਮਗਰੋਂ ਅਵਾਜ਼ ਵਿਚ ਜੋਸ਼ ਆ ਗਿਆ। ਬਹੁਤ ਉੱਚੀ-ਉੱਚੀ ਬੋਲਣਾ ਸ਼ੁਰੂ ਕਰ ਦਿੱਤਾ। ਫਿਰ ਉਨ੍ਹਾਂ ਨੇ ਬਹੁਤ ਉੱਚੀ ਅਵਾਜ਼ ਵਿੱਚ ਗੁਰਬਾਣੀ ਦੇ ਇਹ ਪੰਗਤੀ ਪੜ੍ਹੀ "ਖਾਣਾ ਪੀਣਾ ਪਵਿਤ੍ਰੁ ਹੈ। ਦਿਤੋਨੁ ਰਿਜਕ ਸੰਬਾਹਿ" ਜਦੋਂ ਮਾ. ਜੀ ਨੇ ਬੋਲਣਾ ਸ਼ੁਰੂ ਕੀਤਾ ਸੀ ਤੇ ਪੰਡਾਤ ਗੋਪਾਲ ਸਿੰਘ ਜੀ ਉੱਠ ਕੇ ਮਾਸਟਰ ਸਾਹਿਬ ਦੇ ਪਿਛੇ ਖੜੇ ਹੋ ਗਏ ਸਨ। ਜਦੋਂ ਮਾ. ਜੀ ਬਹੁਤ ਉਚੀ ਆਵਾਜ਼ ਵਿਚ ਬੋਲ ਰਹੇ ਸੀ। ਪੰਡਤ ਜੀ ਨੇ ਅੱਗੇ ਹੋਕੇ ਮਾ. ਸਾਹਿਬ ਦੇ ਕੰਨ ਵਿੱਚ ਆਖਿਆ।

ਮਾਸਟਰ ਜੀ ਥੋੜਾ ਹੌਲੀ-ਹੌਲੀ ਬੋਲੋ। ਮਾਸਟਰ ਜੀ ਨੇ ਪਿੱਛੇ ਦੇਖਿਆ। ਪੰਡਤ ਗੋਪਾਲ ਸਿੰਘ ਖੜੇ ਸਨ। ਮਾਸਟਰ ਜੀ ਦੀ ਆਵਾਜ ਘੱਟ ਹੋ ਗਈ ਫਿਰ ਉਹਨਾਂ ਤੋਂ ਬੋਲਿਆ ਨਾ ਗਿਆ। ਫਿਰ ਸਮਾਪਤੀ ਕਰਕੇ ਥੱਲੇ ਬੈਠ

ਗਏ। ਇਹ ਵੀ ਸੱਚੇ ਪਾਤਸ਼ਾਹ ਦੀ ਰਜ਼ਾ ਵਿਚ ਹੋਇਆ। ਮੈਂ ਇਹ ਸਮਝਿਆ।

ਹੁਣ ਪਾਠਕ ਸੋਚਦੇ ਹੋਣਗੇ ਇਸ ਲੇਖ ਦੇ ਉਪਰ ਜੋ ਹੈਡਿੰਗ ਹੈ। ਜਾਨਨਹਾਰ ਪ੍ਰਭੁ ਪਰਬੀਨ ਦਾ ਇਸ ਲੇਖ ਨਾਲ ਕੀ ਸੰਬੰਧ ਹੈ। ਇਹ ਰਾਜ ਵੀ ਮੈਂ ਪਾਠਕਾ ਨਾਲ ਸਾਂਝਾ ਕਰਦਾ ਹਾਂ। ਮੈਂ ਸ੍ਰੀ ਭੈਣੀ ਸਾਹਿਬ ਸਤਿਗੁਰਾਂ ਦੀ ਕੋਠੀ ਵਿੱਚ ਖੜਾ ਸਾਂ। ਸਤਿਗੁਰੂ ਜੀ ਸਿਹਤ ਕਰਕੇ ਢਿੱਲੇ ਸਨ। ਮੈਂ ਦੇਖਿਆ ਸਾਹਮਣੇ ਇੱਕ ਵੱਡਾ ਪਾਰਦਰਸ਼ੀ ਸ਼ੀਸਾ ਲੱਗਾ ਹੋਇਆ ਹੈ। ਸੱਚੇ ਪਾਤਸ਼ਾਹ ਜੀ ਪਲੰਘ ਤੇ ਆਪਣੀ ਮੌਜ਼ ਵਿੱਚ ਲੇਟੇ ਹੋਏ ਨੇ। ਕੁਝ ਨਾਲੀਆਂ ਵੀ ਲੱਗੀਆ ਹੋਈਆਂ ਨੇ। ਸਾਧ ਸੰਗਤ ਸੀਸ਼ੇ ਦੇ ਬਾਹਰੋਂ ਮੱਥਾ ਟੇਕ ਰਹੀ ਸੀ। ਮੈਂ ਵੀ ਨਮਸਕਾਰ ਕੀਤੀ। ਕਈ ਸਰੀਰ ਗੱਲਾਂ ਕਰ ਰਹੇ ਸਨ। ਕਿ ਆਉਣ ਵਾਲੇ ਸਮੇਂ ਵਿੱਚ ਪੰਥ ਦੀ ਕਾਰ ਕਿਵੇਂ ਚਲੇਗੀ। ਮੇਰੇ ਮਨ ਵਿੱਚ ਦੀ ਆਇਆ ਅਗਲਾ ਵਾਰਸ ਕੌਣ ਹੈ? ਇਹ ਸੋਚ ਮੈਂ ਅੱਖਾਂ ਬੰਦ ਕੀਤੀਆਂ ਅੱਖਾਂ ਖੋਲੀਆਂ ਤਾਂ ਮੈਂ ਦੇਖਿਆ ਤਾਂ ਛੋਟੇ ਠਾਕੁਰ ਜੀ (ਸ੍ਰੀ ਸਤਿਗੁਰੂ ਉਦੇ ਸਿੰਘ ਜੀ) ਕੋਠੀ ਵਿਚੋਂ ਨਿਕਲ ਕੇ ਬਾਹਰ ਗੇਟ ਦੀ ਤਰਫ਼ ਜਾ ਰਹੇ ਸਨ। ਮੈਂ ਸੋਚਿਆ ਕੀ ਕਰਾਂ। ਮਗਰ ਗਿਆ ਤਾਂ ਕਾਫੀ ਦੂਰ ਹਨ। ਠਾਕੁਰ ਜੀ ਕੋਠੀ ਵਿਚੋਂ ਬਾਹਰ ਚਲੇ ਜਾਣਾ ਹੈ। ਮੈਂ ਉਥੇ ਖੜ੍ਹੇ ਹੀ ਜ਼ੋਰ-ਜ਼ੋਰ ਨਾਲ ਅਵਾਜ਼ਾਂ ਮਾਰੀਆਂ। ਠਾਕੁਰ ਜੀ, ਠਾਕੁਰ ਜੀ, ਠਾਕੁਰ ਜੀ। ਅਵਾਜ਼ ਸੁਣ ਕੇ ਠਾਕੁਰ ਜੀ ਰੁਕ ਗਏ। ਮੈਂ ਪਾਸ ਗਿਆ ਚਰਨੀ ਹੱਥ ਲਾਇਆ। ਠਾਕੁਰ ਜੀ ਕਿਹਾ ਕਿਥੋ ਆਏ ਹੋ? ਜੀ ਜੋਧਪੁਰ ਤੋਂ ਲੰਗਰ ਛੱਕ ਲਿਆ? ਜੀ ਛੱਕ ਲਿਆ ਪਰਿਵਾਰ ਰਾਜੀ ਖੁਸ਼ੀ ਹੈ? ਹਾਂ ਜੀ ਰਾਜੀ ਖੁਸ਼ੀ ਹੈ। ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕਰ ਲਏ? ਮੈਂ ਫਿਰ ਚਰਨੀ ਹੱਥ ਲਾਇਆ ਅਤੇ ਮੇਰੀ ਤਰਫ ਦੇਖਿਆ ਤੇ ਹੱਸ ਪਏ ਤੇ ਕੋਠੀ ਤੋਂ ਬਾਹਰ ਨੂੰ ਚਲੇ ਗਏ।

.......................................................

## ਕਰਹਿ ਜਿ ਗੁਰ ਫੁਰਮਾਇਆ...

ਨਵੇਂ ਬਣੇ ਅਕੈਡਮੀ ਸਕੂਲ ਦੀ ਸ਼ੋਭਾ ਤਾਂ ਦੇਖਿਆਂ ਹੀ ਬਣਦੀ ਹੈ। ਅੰਤਰ ਰਾਸ਼ਟਰੀ ਨਵੇਂ ਗਰਾਂਊਡ ਤਿਆਰ ਕੀਤੇ ਗਏ ਹਨ। ਇਸ ਤਰ੍ਹਾਂ ਹੀ ਵੱਖ-ਵੱਖ ਇਲਾਕਿਆਂ ਵਿੱਚ ਨਵੀਆਂ ਧਰਮਸ਼ਾਲਾਵਾਂ ਤਿਆਰ ਹੋਈਆਂ ਹਨ। ਕਈਆਂ ਦੀ ਉਸਾਰੀ ਦਾ ਕੰਮ ਚੱਲ ਰਿਹਾ ਹੈ। ਨਵੇਂ ਦੀਵਾਨ ਰਿਹਾਇਸ਼ੀ ਕਮਰੇ, ਗਰਾਊਂਡ ਆਪ ਦੀ ਨਿਗਰਾਨੀ ਹੇਠ ਬਣ ਰਹੇ ਹਨ।

ਸਭ ਕੈ ਸੰਗੀ ਨਾਹੀ ਦੂਰਿ॥
ਕਰਨ ਕਰਾਵਨ ਹਾਜਰਾ ਹਜੂਰਿ॥
ਸੁਨਤ ਜੀਓ ਜਾਸੁ ਨਾਮੁ॥
ਦੁਖ ਬਿਨਸੇ ਸੁਖ ਕੀਓ ਬਿਸ੍ਰਾਮ॥
ਸਗਲ ਨਿਧਿ ਹਰਿ ਹਰਿ ਹਰੇ॥
ਮੁਨਿ ਜਨ ਤਾ ਕੀ ਸੇਵ ਕਰੇ॥
ਜਾ ਕੈ ਘਰਿ ਸਗਲੇ ਸਮਾਹਿ॥
ਜਿਸ ਤੇ ਬਿਰਥਾ ਕੋਇ ਨਾਹਿ॥
ਜੀਅ ਜੰਤ੍ਰ ਕਰੇ ਪ੍ਰਤਿਪਾਲ॥
ਸਦਾ ਸਦਾ ਸੇਵਹੁ ਕਿਰਪਾਲ॥
ਸਦਾ ਧਰਮੁ ਜਾ ਕੈ ਦੀਬਾਣਿ॥
ਬੇਮੁਹਤਾਜ ਨਹੀ ਕਿਛੁ ਕਾਣਿ॥

**ਵਿਣੁ ਸੇਵਾ ਫਲੁ ਕਿਸੈ ਨਾਹੀ–** ਸਤਿਗੁਰੂ ਨਾਨਕ ਦੇਵ ਜੀ ਰਾਗ ਆਸਾ ਵਿੱਚ ਇਹ ਸਪੱਸ਼ਟ ਰੂਪ ਵਿੱਚ ਕਹਿੰਦੇ ਹਨ- ਸੇਵਾ ਬਿਨਾ ਪ੍ਰਾਪਤੀ ਨਹੀਂ ਹੁੰਦੀ। ਆਪਾਂ ਇਸ ਗੱਲ ਨੂੰ ਵੀ ਭਲੀ ਭਾਂਤ ਜਾਣਦੇ ਹਾਂ ਕਿ ਸੇਵਾ ਵੀ ਉਹ ਹੀ ਸਫ਼ਲ ਹੁੰਦੀ ਹੈ ਜੋ ਗੁਰੂ ਦੇ ਹੁਕਮ ਵਿੱਚ ਰਹਿ ਕੇ ਕੀਤੀ ਜਾਵੇ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਨੂੰ ਸਦਾ ਹੀ ਸਿਰ ਮੱਥੇ ਮੰਨਿਆ। ਕਵੀ ਪ੍ਰੀਤਮ ਸਿੰਘ ਜੀ ਲਿਖਦੇ ਹਨ- ਛੋਟੇ ਠਾਕੁਰ (ਸ੍ਰੀ ਸਤਿਗੁਰੂ ਉਦੇ ਸਿੰਘ ਜੀ) ਜਦੋਂ ਵੀ ਸਤਿਗੁਰੂ ਜੀ ਨਾਲ ਗੱਲ ਕਰ ਰਹੇ ਹੁੰਦੇ ਤਾਂ ਆਪ ਦੇ ਮੂੰਹ 'ਚੋਂ ਇਹ ਹੀ ਸ਼ਬਦ ਹਮੇਸ਼ਾ ਸੁਨਣ ਨੂੰ ਮਿਲਦਾ "ਹਾਂ ਜੀ ਸੱਚੇ ਪਾਤਸ਼ਾਹ ਸਤਿ ਬਚਨ ਜੀ, ਜਿਵੇਂ ਆਗਿਆ ਜੀ, 'ਆਪ ਜੀ ਦਾ ਹੁਕਮ ਹੋਵੇ ਤਾਂ..।" ਇਹ ਗੱਲ ਸਪੱਸ਼ਟ ਕਰਦੀ ਹੈ ਕਿ ਆਪ ਨੇ ਸਤਿਗੁਰੂ ਜੀ ਦੇ ਹੁਕਮ ਨੂੰ ਹਮੇਸ਼ਾਂ ਪਹਿਲ ਦਿੱਤੀ। ਹੁਕਮ ਮੰਨ ਨਾਮਧਾਰੀ ਹਾਕੀ ਟੀਮ ਖੜ੍ਹੀ ਕੀਤੀ। ਹੁਕਮ ਵਿੱਚ ਰਹਿ ਸੰਗਤ ਤੇ ਪਰਿਵਾਰ ਨਾਲੋਂ ਵੱਖ ਦੂਰ ਜੰਗਲ ਵਿੱਚ ਡੇਰੇ ਲਾਏ ਤੇ ਉਸ ਫਾਰਮ ਨੂੰ ਦੁਨੀਆਂ ਵਿੱਚ ਚਮਕਾ ਦਿੱਤਾ। ਜੇ ਸਤਿਗੁਰੂ ਜੀ ਹੁਕਮ ਕੀਤਾ ਕਾਕਾ ਇਲਾਕੇ ਦੇ ਕਿਸਾਨਾਂ ਨੂੰ ਰਵਾਇਤੀ ਖੇਤੀਬਾੜੀ ਤੋਂ ਹਟਾ ਫੁੱਲਾਂ ਫਲਾਂ ਦੀ ਖੇਤੀ ਵਿੱਚ ਪਾਉਣਾ ਹੈ ਤਾਂ ਆਪ ਨੇ ਸ੍ਰੀ ਜੀਵਨ ਨਗਰ ਦੇ ਇਲਾਕੇ ਵਿੱਚ ਪਿੰਡ-ਪਿੰਡ ਸੈਮੀਨਾਰ ਕੀਤੇ। ਕਿਸਾਨਾਂ ਨੂੰ ਅੰਗੂਰਾਂ ਦੀ ਖੇਤੀ ਕਰਨ ਲਈ ਜਾਗਰੂਕ ਕੀਤਾ। ਜਿਸ ਕੰਮ ਵਿੱਚ ਡਿਊਟੀ ਸਤਿਗੁਰੂ ਜੀ ਲਾਈ ਕਦੀ ਆਨਾ ਕਾਨੀ ਨਹੀਂ ਕੀਤੀ, ਸਤਬਚਨ ਕਹਿ ਪੂਰਾ ਕੀਤਾ। ਗੁਰੂ ਹੁਕਮ ਵਿੱਚ ਰਹਿ ਕੀਤੀ ਸੇਵਾ ਨੂੰ ਭਾਗ ਲੱਗੇ। ਆਪਣਾ ਰੂਪ ਬਖ਼ਸ਼ ਸਭੇ ਬਰਕਤਾਂ ਦੇ ਨਿਵਾਜਿਆ।

.......................................................

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

...ਪਤਾ ਨਹੀਂ ਉਸ ਨੂੰ ਮਿਲਿਆ ਹੈ ਜਾਂ ਨਹੀਂ। ਪਰ ਮੇਰੇ ਨਾਲ ਵਿਹਾਰ ਦੀ ਅਭਦਰਤਾ ਵਿੱਚ ਕੋਈ ਫ਼ਰਕ ਨਹੀਂ। ਕੋਲੋਂ ਸਕੱਤਰ ਸਾਹਿਬ ਬੋਲੇ- ਕੋਈ ਨਹੀਂ ਕਰ ਲੈਂਦੇ ਹਾਂ ਉਸ ਨਾਲ ਗੱਲਬਾਤ ਅਤੇ ਉਹ ਪਿੱਛੇ ਹਟ ਗਿਆ।

ਦਰਸ਼ਨਾਂ ਤੇ ਖ਼ਾਸ ਗੱਲਬਾਤ ਲਈ ਉਸਤਾਦ ਧਿਆਨ ਸਿੰਘ ਤੇ ਬੀਬੀ ਜੀਤ ਕੌਰ ਨੂੰ ਸਤਿਗੁਰੂ ਜੀ ਦਾ ਚਾਹਤਾ ਕਲਾਕਾਰ ਬਲਜੀਤ ਸਿੰਘ ਨਾਲ ਲੈ ਕੇ ਆ ਗਿਆ ਪਰ ਤਦ ਤੱਕ ਸੱਚੇ ਪਾਤਸ਼ਾਹ ਜੀ ਰਤਨ ਸਿੰਘ ਸੰਤ ਨਗਰ ਨਾਲ ਬਚਨ ਕਰ ਰਹੇ ਸਨ।

ਸੰਤ ਬਲਵੰਤ ਸਿੰਘ ਜੀ ਦੇ ਘਰ ਕੜਾਹ ਪ੍ਰਸ਼ਾਦ ਖੀਰ ਅਤੇ ਹੋਰ ਦਾਲਾਂ ਸਬਜੀਆਂ ਦਾ ਚੰਗਾ ਪ੍ਰਬੰਧ ਸੀ ਤੇ ਸੇਵਾ ਦੀ ਵੀ ਕੋਈ ਕਸਰ ਨਹੀਂ ਸੀ। ਇੱਥੇ ਇੱਕ ਪ੍ਰਕਾਰ ਦੇ ਮੇਲੇ ਦਾ ਹੀ ਮਾਹੌਲ ਸੀ।

ਸੰਤ ਤਰਸੇਮ ਸਿੰਘ ਨੇ ਦੱਸਿਆ ਕਿ ਕੱਲ੍ਹ ਸਵੇਰੇ ਜਦੋਂ ਸਾਹਿਬਪੁਰੇ ਵਾਰ ਦਾ ਆਯੋਜਨ ਸੀ। ਵਾਰ ਦੇ ਕੀਰਤਨ ਤੋਂ ਉਪਰੰਤ ਸੱਚੇ ਪਾਤਸ਼ਾਹ ਜੀ ਨੇ ਉੱਤਮ ਨਗਰ ਦੀਆਂ ਸੰਗਤਾ ਨੂੰ ਕਿਰਤਾਰਥ ਕੀਤਾ। ਸਭ ਤੋਂ ਪਹਿਲਾਂ ਹਰਭਜਨ ਸਿੰਘ ਸਟੈਨੋ ਦੇ ਘਰ ਚਰਨ ਪਾਏ। ਸੰਤ ਨਿਧਾਨ ਸਿੰਘ ਸਿੰਘ ਨੂੰ ਨਿਵਾਜ 12 ਹੋਰ ਘਰਾਂ ਨੂੰ ਦਰਸ਼ਨ ਦੇ ਕੇ ਨਿਵਾਜਿਆ।

ਸਤਿਗੁਰੂ ਜੀ ਜਦੋਂ ਆ ਕੇ ਲਾਂਘੇ ਵਿੱਚ ਖਲੋਤੇ ਸਨ ਕਿ ਇੱਕ ਸਿੰਘ ਨੇ ਟੇਢੀ ਪੱਗੜੀ ਵਾਲੇ ਬੁਰਸ਼ਟ ਪੈਂਟ ਧਾਰੀ ਨੂੰ ਪੇਸ਼ ਕਰ ਅਰਜ ਕੀਤੀ ਕਿ ਇਸਨੂੰ ਭਜਨ ਦਿੱਤਾ ਜਾਏ। ਇਹ ਸਰਦਾਰ ਗੁਰਬਚਨ ਸਿੰਘ-ਰਣਧੀਰ ਸਿੰਘ ਨਗਰ ਲੁਧਿਆਣਾ ਦਾ ਵਸਨੀਕ ਸੀ। ਸਤਿਗੁਰੂ ਜੀ ਨੇ ਪੂਰਬੇ ਨੂੰ ਆਵਾਜ਼ ਦਿੱਤੀ। ਕੋਲੋਂ ਸਤਿਨਾਮ ਸਿੰਘ ਲਾਂਗਰੀ ਬੋਲਿਆ- ਜੀ ਉਹ ਡਾਕਟਰ ਦੇ ਗਿਆ ਹੈ, ਉਸਨੂੰ ਕੋਈ ਅੱਖ ਦੀ ਦਿੱਕਤ ਆ ਰਹੀ ਹੈ। ਸੱਚੇ ਪਾਤਸ਼ਾਹ ਸੰਤ ਬਲਵੰਤ ਸਿੰਘ ਨੂੰ ਬੁਲਾਇਆ। ਉਹ ਉਸੇ ਵੇਲੇ ਹੀ ਹਾਜ਼ਰ ਹੋਏ। ਬਚਨ ਹੋਇਆ ਇਸ ਸਿੰਘ ਨੂੰ ਭਜਨ ਦਿਓ ਪੰਜ ਵਾਰ ਸੱਜੇ ਕੰਨ ਵਿੱਚ ਪੰਜ ਵਾਰ ਖੱਬੇ ਵਿੱਚ ਸੰਤ ਜੀ ਗੁਰਬਚਨ ਸਿੰਘ ਨੂੰ ਭਜਨ ਦੇ ਦਿੱਤਾ। ਦੋਵੇਂ ਸਿੰਘ ਹਾਰਦਿਕ ਪ੍ਰਸੰਨ ਸਨ। ਸੰਤ ਬਲਵੰਤ ਸਿੰਘ ਜੀ ਨੇ ਸ. ਗੁਰਬਚਨ ਸਿੰਘ ਨੂੰ ਪ੍ਰੇਮ ਪੂਰਵਕ ਪ੍ਰਸ਼ਾਦ ਛਕਾਇਆ।

ਸੰਤ ਤਰਸੇਮ ਸਿੰਘ ਸਕੱਤਰ ਨੇ ਦੱਸਿਆ ਕਿ ਅੱਜ ਆਸਾ ਦੀ ਵਾਰ ਉਪਰੰਤ ਸੰਤ ਮੋਹਨ ਸਿੰਘ ਰੋਡ ਰੋਲਰ ਵਾਲਿਆਂ ਦੇ ਘਰੀਂ ਦੁਪਹਿਰੇ ਸ਼ਾਮ ਨਗਰ ਦੇ ਸੰਤ ਵਿਰਸਾ ਸਿੰਘ ਦੇ ਅਤੇ 12 ਹੋਰ ਘਰੀਂ ਸਤਿਗੁਰੂ ਜੀ ਨੇ ਚਰਨ ਪਾ ਕੇ ਉਹਨਾਂ ਨੂੰ ਕਿਰਤਾਰਥ ਕੀਤਾ। ਸਤਿਗੁਰੂ ਜੀ ਨੇ ਸਿੱਖਾਂ ਦੀਆਂ ਖੁਸ਼ੀਆਂ ਲਈਆਂ।

ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਤੋਂ ਭਾਵੇਂ ਗੁਲਾਬ ਦੇ ਫੁੱਲ ਵਰਗੀ ਤਾਜ਼ਗੀ ਦਾ ਪ੍ਰਭਾਵ ਪੈਂਦਾ ਹੈ ਪਰ ਆਪ ਜੀ ਨੂੰ ਰਾਤ ਦੇ ਬਾਰ-ਬਾਰ ਜੰਗਲ ਆ ਰਹੇ ਹਨ। ਇੱਕ ਵਾਰ ਤਾਂ ਇੱਥੇ ਬਾਲੀ ਨਗਰ ਹੀ ਡਾਕਟਰ ਮੁਸ਼ਰਫ ਅਲੀ ਮੂਸਾ ਨੂੰ ਵੀ ਬੁਲਾਇਆ ਗਿਆ।

ਅੱਜ ਕਾਫ਼ੀ ਮੀਟਿੰਗਾਂ ਹੋਣ ਦਾ ਅੰਦਾਜ਼ਾ ਹੈ ਕਿਉਂਕਿ 11 ਵਜੇ ਤੱਕ ਤਾਂ ਸ੍ਰੀ ਸਤਿਗੁਰੂ ਜੀ ਨੂੰ ਆਰਾਮ ਕਰਨਾ ਹੀ ਨਹੀਂ ਮਿਲਿਆ ਅਜੇ ਪੰਜ ਕੁ ਜਾਣਿਆਂ ਨੂੰ ਹੋਰ ਭੁਗਤਾਉਣਾ ਹੈ। ਇੱਕ ਵਾਰ ਸੰਤ ਰਤਨ ਸਿੰਘ ਸੰਤ ਨਗਰ ਨੂੰ ਵੀ ਅੰਦਰ ਬੁਲਾਇਆ

ਗਿਆ ਸੀ। ਮਾਲੂਮ ਨਹੀਂ ਕਿਸ ਵਿਸ਼ੇ ਤੇ ਗੱਲਬਾਤ ਹੋਈ ਹੋਵੇ। ਸਤਨਾਮ ਸਿੰਘ ਮੁਕਤਾ ਨਾਲ ਜੀਵਨ ਨਗਰ ਇਲਾਕੇ ਬਾਰੇ ਲਗਭਗ ਰੋਜ਼ ਹੀ ਗੱਲਬਾਤ ਹੋ ਜਾਂਦੀ ਹੈ। ਟੈਲੀਫੋਨ ਤੇ ਗੁਰਦੇਵ ਸਿੰਘ ਨੰਬਰਦਾਰ ਅਤੇ ਅਵਤਾਰ ਸਿੰਘ ਘੁੰਮਣ ਇਹ ਸੰਪਰਕ ਬਣਾਈ ਰੱਖਦੇ ਹਨ।

ਮੈਂ ਸਵਾ ਗਿਆਰਾਂ ਤੱਕ ਸੰਤ ਬਲਵੰਤ ਸਿੰਘ ਨਿਵਾਸ ਛੱਡ ਆਇਆ ਚਿਰਾਂ ਦੇ ਵਿਛੜੇ ਸੰਤ ਬਾਵਾ ਸਿੰਘ ਮਾਨਪੁਰੀ ਨੂੰ ਮਿਲਣਾ ਹੈ ਅਤੇ ਉਸ ਦੇ ਸਪੁੱਤਰਾਂ ਸ੍ਰੀ ਸੁਰਜੀਤ ਸਿੰਘ ਅਤੇ ਸ. ਸੁਖਦੇਵ ਸਿੰਘ ਨਾਲ ਵੀ ਸੰਬੰਧ ਸਥਾਪਿਤ ਕਰਨੇ ਹਨ। ਪਹਿਲੇ ਨੂੰ ਬਚਪਨ ਵਿੱਚ ਵੇਖਿਆ ਸੀ ਦੂਜੇ ਨਾਲ ਪਹਿਲੀ ਮੁਲਾਕਾਤ ਹੀ ਹੋਣੀ ਹੈ। ਸੁਖਦੇਵ ਸਿੰਘ ਅੱਜ ਆਈ.ਸੀ.ਐਸ. ਦੀ ਇੰਟਰਵਿਊ ਦੇਣ ਆਇਆ ਹੋਇਆ ਹੈ।

ਲਉਢੇ ਪਹਿਰ ਦਾ ਦੀਵਾਨ ਰਮੇਸ਼ ਨਗਰ ਨਾਮਧਾਰੀ ਧਰਮਸ਼ਾਲਾ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸੱਜਿਆ ਸਾਢੇ ਚਾਰ ਤੋਂ ਸਾਢੇ ਪੰਜ ਵਜੇ ਤੱਕ ਸਮੂਹਿਕ ਨਾਮ ਸਿਮਰਨ ਸੀ ਅਤੇ ਇਸ ਸਮੇਂ ਸੰਤ ਹਵੇਲਾ ਸਿੰਘ ਸਾਹਿਬਪੁਰਾ ਦੀ ਮਾਤਾ ਸੰਤ ਕਿਰਪਾਲ ਸਿੰਘ ਖੋਖਰ ਬਾਲੀ ਨਗਰ ਦੀ ਦਾਦੀ ਬੀਬੀ ਆਸ ਕੌਰ ਜੀ ਨਿਮਿੱਤ ਭੋਗ ਪਾਇਆ ਗਿਆ।

ਦੋਹਾਂ ਨੇ ਭੋਗ ਪੈਂਦਿਆਂ ਗੁਰੂ ਚਰਨਾਂ ਵਿੱਚ ਵਿਸ਼ੇਸ਼ ਭੇਟਾ ਧਰੀ।

ਦੀਵਾਨ ਵਿੱਚ ਮੈਨੂੰ ਜਲੰਧਰ ਵਾਲੇ ਸ. ਸਾਧੂ ਸਿੰਘ ਇਹਨਾਂ ਦੀ ਪਤਨੀ ਬੀਬੀ ਸੰਪੂਰਨ ਕੌਰ ਅਤੇ ਪੁੱਤਰੀ ਬਿੱਟੂ ਅਤੇ ਪੁੱਤਰ ਮਨਵਿੰਦਰ ਸਿੰਘ ਲੱਕੀ ਵੀ ਨਜ਼ਰ ਆਏ ਪ੍ਰਤੀਤ ਹੁੰਦਾ ਹੈ। ਬਿੱਟੂ ਦੀ ਸ਼ਾਦੀ ਵਾਸਤੇ ਘਰ ਬਾਰ ਵੇਖਣ ਆਏ ਹਨ। ਮਿੱਤਰ ਹਨ। ਦੀਵਾਨ ਉਪਰੰਤ ਸਭ ਨੂੰ ਮਿਲ ਕੇ ਖੁਸ਼ੀ ਹੋਈ।

ਕੀਰਤਨ ਸਮੇਂ ਦੋ ਵਿਸ਼ੇਸ਼ ਕਲਾਕਾਰ ਦੀਵਾਨ ਵਿੱਚ ਆਏ। ਇੱਕ ਸੀ ਸ੍ਰੀ ਰਾਜਨ ਮਿਸ਼ਰਾ ਸਾਡੇ ਬੱਚਿਆਂ ਦੇ ਉਸਤਾਦ। ਦੂਜੀ ਬੀਬੀ ਤ੍ਰਿਪਤ ਕੌਰ, ਇਹ ਵੀ ਸੰਗੀਤ ਅਧਿਆਪਕਾ ਹੈ ਅਤੇ ਸਾਡੇ ਅਨੇਕਾਂ ਬੱਚਿਆਂ ਦੀ ਉਸਤਾਦ ਹੈ। ਮੇਰੀ ਪੁੱਤਰੀ ਜਸਕਿਰਨ ਨੇ ਇਸ ਤੋਂ ਸੰਗੀਤ ਦੀ ਬੀ.ਏ. ਤੱਕ ਦੀ ਸਿੱਖਿਆ ਪ੍ਰਾਪਤ ਕੀਤੀ ਹੈ। ਆਪਣੇ ਸੰਗੀਤ ਗਿਆਨ ਦੀ ਇੱਕ ਝਲਕ ਇਸ ਬੀਬੀ ਨੂੰ ਵਿਖਾਉਣ ਲਈ ਬੀਬੀਆਂ ਵਾਲੇ ਪਾਸੇ ਅੱਗੇ ਬਿਠਾਇਆ ਅਤੇ ਸਭ ਬੈਠੇ ਖਲੋਤਿਆਂ ਦੇ ਓਹਲੇ ਦੂਰ ਕੀਤੇ ਅਤੇ ਜਦੋਂ ਕੀਰਤਨ ਹੋਣ ਲੱਗਾ ਤਾਂ ਗੰਵੇਂ ਜਾ ਰਹੇ ਸ਼ਬਦ ਵਿੱਚ ਕੋਈ 32 ਰਾਗ ਵਿਖਾ ਦਿੱਤੇ। ਸਤਿਗੁਰੂ ਜੀ ਨੂੰ ਹਰਮੋਨੀਅਮ ਜਾਂ ਦਿਲਰੁਬਾ ਦੀਆਂ ਸੁਰਾਂ ਦੀ ਅਗਵਾਈ ਦੀ ਲੋੜ ਨਹੀਂ ਪੈਂਦੀ। ਇੱਕੋ ਤੁੱਕ ਗਾਉਂਦੇ ਆਪ ਜੀ ਦੂਜੀ ਵਾਰ ਬਦਲਵੇਂ ਰਾਗ ਦੀਆਂ ਸੁਰਾਂ ਵਿਖਾ ਦਿੰਦੇ ਹਨ। ਸ੍ਰੀ ਰਾਜਨ ਅਤੇ ਤ੍ਰਿਪਤ ਕੌਰ ਜੀ ਇਸ ਕਲਾ ਸਾਧਨ ਦੇ ਬਾਰੇ ਸਦਕੇ ਜਾ ਰਹੇ ਸਨ।

ਮੈਂ ਦੀਵਾਨ ਦੇ ਜਾਰੀ ਰਹਿੰਦਿਆਂ ਹੀ ਉੱਠ ਕੇ ਬਾਹਰ ਆਏ ਸਰਦਾਰ ਮਨਚੰਦੇ ਨੂੰ ਮਿਲਿਆ ਅਤੇ ਆਪਣੇ ਛੋਟੇ ਲੜਕੇ ਸੁਖਬੀਰ ਨੂੰ ਕੰਮ ਤੇ ਲਵਾਉਣ ਦੀ ਗੱਲਬਾਤ ਕੀਤੀ। ਮੈਨੂੰ ਉਸਨੇ ਜੂਨ ਵਿੱਚ ਗਾਜ਼ੀਆਬਾਦ ਵਿਖੇ ਨਵੀਂ ਫੈਕਟਰੀ ਲੈਣ ਸਮੇਂ ਇਸ ਨੂੰ ਕਾਰਜ ਤੇ ਲਵਾਣ ਦੀ ਗੱਲ ਕੀਤੀ। ਮੇਰੀ ਮੰਗ ਘੱਟੋ-ਘੱਟ ਹਜ਼ਾਰ ਰੁਪਏ ਮਹੀਨਾ ਦੀ ਸੀ ਜੋ ਉਸਨੇ ਮੰਨੀ।

ਪੂਰਬੇ ਦੁਆਰਾ 6.15 ਤੇ ਸ਼ਾਮੀਂ ਦੀਵਾਨ ਦੀ ਸਮਾਪਤੀ ਦੀ ਅਰਦਾਸ ਹੋਈ ਤਾਂ ਸੂਚਨਾਕਾਰ ਸ. ਬਲਦੇਵ ਸਿੰਘ ਜੀ ਨੇ ਐਲਾਨ ਕੀਤਾ। ਕੱਲ੍ਹ ਆਸਾ ਦੀ ਵਾਰ ਦਾ ਕੀਰਤਨ ਮਹਿੰਦਰੂ ਐਨਕਲੇਵ ਵਿਖੇ ਸ. ਰਮਨੀਕ ਸਿੰਘ ਸਟੈਂਡਰਡ ਟੀ.ਵੀ. ਵਾਲਿਆਂ ਦੇ ਘਰ ਹੋਵੇਗਾ। ਸਾਧ-ਸੰਗਤ ਹੁੰਮ- ਹੁੰਮਾ ਕੇ ਦਰਸ਼ਨ ਦੇਣ ਦੀ ਕਿਰਪਾ ਕਰੇ। ਸਵੇਰੇ 3:30 ਤੇ ਰਮੇਸ਼ ਨਗਰੋਂ ਬੱਸ ਚੱਲੇਗੀ। ਵਾਰ ਪ੍ਰੇਮੀ ਵੇਲੇ ਸਿਰ ਇਸ਼ਨਾਨ ਕਰਕੇ ਉੱਥੇ ਪਹੁੰਚਣ।

ਪਤਾ ਨਹੀਂ ਕਿਵੇਂ ਮੈਂ ਵੀ ਅੱਜ ਪਤਾ ਲੱਗਣ ਤੇ ਕਿ ਸਤਿਗੁਰੂ ਜੀ ਧਰਮਸ਼ਾਲਾ ਉਪਰੇ ਆਪਣੇ ਕਮਰੇ ਵਿੱਚ ਗਏ ਹਨ। ਉੱਪਰ ਹੀ ਚਲਾ ਗਿਆ। ਵਾਲਪੇਪਰ ਨਾਲ ਸਜੀਆਂ ਦੀਵਾਰਾਂ ਤੇ ਸੁੰਦਰ ਫਰਨੀਚਰ ਨਾਲ ਸਜਾਏ ਕਮਰੇ ਵਿੱਚ ਸ੍ਰੀ ਸਤਿਗੁਰੂ ਜੀ ਦੀਵਾਨ ਤੇ ਸੁਸ਼ੋਭਿਤ ਸਨ ਅਤੇ ਬੀਬੀ ਤ੍ਰਿਪਤ ਕੌਰ (60) ਭੁੰਜੇ ਗਲੀਚੇ 'ਤੇ ਬੈਠੀ ਸਤਿਗੁਰੂ ਜੀ ਦੇ ਸੰਗੀਤ ਗਿਆਨ ਦੀ ਮੁਕਤ ਕੰਠ ਸ਼ਲਾਘਾ ਕਰ ਰਹੀ ਸੀ।

"ਆਪ ਨੇ ਤਾਂ ਸਤਿਗੁਰੂ ਜੀ! ਹੱਦ ਹੀ ਮੁਕਾ ਦਿੱਤੀ। ਇੱਕੋ ਤੁੱਕ ਤੇ ਹਰਿ ਦੋਹਰਾਓ ਤੇ ਨਵਾਂ ਰਾਗ ਪੈਦਾ ਕਰ ਵਿਖਾਇਆ। ਏਡੀ ਰਾਗ ਮਾਲਾ ਤੇ ਇੰਜ ਬਿਨਾਂ ਕਿਸੇ ਸੁਰ ਵਖਾਣ ਤੋਂ ਗਾ ਦੇਣੀ ਧੁਰੰਦਰ ਵਿਅਕਤੀ ਦਾ ਹੀ ਕੰਮ ਹੈ। ਨਹੀਂ ਤਾਂ ਵੇਖੀਦਾ ਹੈ ਰਾਗੀ ਜਾਂ ਕਲਾਕਾਰ ਤਿੰਨ ਚਾਰ ਮਿੰਟ ਤਾਂ ਨਵੇਂ ਰਾਗ ਦੀਆਂ ਸੁਰਾਂ ਛੇੜਣ ਤੇ ਲਾ ਹੀ ਦਿੰਦੇ ਹਨ।"

ਛੇਤੀ ਹੀ ਸੱਚੇ ਪਾਤਸ਼ਾਹ ਜੀ ਅੰਦਰ ਵੇਹਲਾ ਕਰ ਆਏ। ਹੇਠਾਂ ਆਪ ਜੀ ਦੀ ਗੱਡੀ ਤੇ ਸੇਵਕਾਂ, ਅੰਗ ਰੱਖਿਅਕਾਂ ਦੀਆਂ ਜੀਪਾਂ, ਮੋਟਾਡੋਰਾਂ ਸੈਂਕੜੇ ਨਰ-ਨਾਰ ਨੂਰੀ ਦਰਸ਼ਨ ਦੀ ਇੱਕ ਹੋਰ ਝਲਕ ਦੇ ਤਲਬਗਾਰ ਸਨ ਅਤੇ ਵਿਦਾਇਗੀ ਸਤਿਕਾਰ ਵਿੱਚ ਖਲੋਤੇ ਸਨ।

ਅੱਜ ਹੀ ਦੀਵਾਨ ਵਿੱਚ ਬੈਠੇ ਨੂੰ ਮੈਨੂੰ ਇੱਕ ਕਟਿੰਗ ਮਿਲੀ। ਇਹ ਕਟਿੰਗ ਸ. ਬਲਜੀਤ ਸਿੰਘ ਵੱਲੋਂ ਆਈ ਸੀ। ਇਹ ਜਨ ਸੱਤਾ ਨਵੀਂ ਦਿੱਲੀ 1.4.87 ਪੇਜ-6, ਕਾਲਮ 1-2 ਦੋ ਫੋਟੋ ਸਟੇਟ ਕਰਵਾਈ ਗਈ ਸੀ। ਇਸ ਵਿੱਚ ਬਲਜੀਤ ਸਿੰਘ ਦੀ ਤਾਰ ਸ਼ਹਿਨਾਈ ਦੀ ਤਾਰੀਫ਼ ਤੇ ਗਾਇਨ ਦੀ ਪ੍ਰਸ਼ੰਸਾ ਸੀ। ਇੱਕ ਫੋਟੋ ਵੀ ਨਾਲ ਸੀ।

## 25 ਅਪ੍ਰੈਲ 1987, ਸ਼ਨੀਵਾਰ
## ਨਵੀਂ ਦਿੱਲੀ

ਕੱਲ ਦੱਸੇ ਪ੍ਰੋਗਰਾਮ ਅਨੁਸਾਰ ਆਸਾ ਦੀ ਵਾਰ ਦਾ ਕੀਰਤਨ ਮਹਿੰਦਰੂ ਐਨਕਲੇਵ ਵਿੱਚ ਸ. ਰਮਨੀਕ ਸਿੰਘ ਦੇ ਘਰ ਹੋਇਆ। ਸ੍ਰੀ ਸਤਿਗੁਰੂ ਜੀ ਅਤੇ ਸੰਗਤ ਦਾ ਜਲਪਾਨ ਅਥਵਾ ਨਾਸ਼ਤਾ ਵੀ ਇੱਥੇ ਹੀ ਸੀ। ਇਥੋਂ ਆਣ ਕੇ ਸ੍ਰੀ ਸਤਿਗੁਰੂ ਜੀ ਨੇ ਸ. ਹੰਸਪਾਲ ਜੀ ਦੀ ਕੋਠੀ ਉਤਲੀ ਨਵੀਂ ਬਣੀ ਛੱਤ ’ਤੇ ਦਰਸ਼ਨ ਦਿੱਤੇ।

ਮੈਂ ਗੁਰੂ ਕੇ ਦਰਸ਼ਨ ਪੂਸਾ ਰੋਡ ਕੋਠੀ ਵਿਖੇ ਹੀ 9 ਵਜੇ ਜਾ ਕੇ ਕੀਤੇ। ਅੱਜ 3 ਵਜੇ ਏਅਰਪੋਰਟ ’ਤੇ ਪਹੁੰਚਣਾ ਹੈ ਅਤੇ ਫਿਰ ਕਿਸੇ ਮੌਕੇ ਬੈਂਕੋਕ ਨੂੰ ਉੱਡਣਾ ਹੈ। ਸੰਤ ਮਹਿੰਦਰ ਸਿੰਘ ਪੂਰਬੇ ਨੇ ਦੱਸਿਆ ਕਿ ਇਸ ਵਾਰ ਬੈਂਕੋਕ ਜਾਣ ਆਉਣ ਦਾ ਖਰਚਾ ਸ੍ਰੀ ਸਤਿਗੁਰੂ ਜੀ ਤੇ ਆਪ ਜੀ ਦੇ ਜਥੇਦਾਰ ਸੰਤ ਮਹਿੰਦਰ ਸਿੰਘ ਅੰਮ੍ਰਿਤਸਰੀ ਕਰ ਰਹੇ ਹਨ। ਕੱਲ ਮਹਿੰਦਰ ਸਿੰਘ ਜੀ ਦੇ ਗਭਲੇ ਭਾਈ ਸ. ਦੀਦਾਰ ਸਿੰਘ ਦਾ ਭੋਗ ਪੈਣਾ ਹੈ। ਉਹ ਪਿਛਲੇ ਦਿਨੀਂ ਸਵਰਗ ਸਿਧਾਰ ਗਏ ਸਨ। ਸੰਤ ਮਹਿੰਦਰ ਸਿੰਘ ਜੀ ਦਾ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਨਾਲ ਸੰਘਣਾ ਪਿਆਰ ਹੈ ਅਤੇ ਉਹ ਆਪਣੇ ਭਰਾ ਦੀ ਮ੍ਰਿਤੂ ਉੱਤੇ ਬੈਂਕੋਕ ਦੀਆਂ ਸੰਗਤਾਂ ਨੂੰ ਗੁਰੂ ਦੇ ਦਰਸ਼ਨਾਂ ਦਾ ਲਾਭ ਦਿਵਾਉਣਾ ਚਾਹੁੰਦਾ ਹੈ। ਸੰਤ ਮਹਿੰਦਰ ਸਿੰਘ ਜੀ ਦਾ ਸੰਗਤਾਂ ਨਾਲ ਹਾਰਦਿਕ ਪ੍ਰੇਮ ਹੈ। ਅਜੇ ਤੱਕ ਸ. ਦੀਦਾਰ ਸਿੰਘ ਦੇ ਗੁਜ਼ਰਨ ਦੀ ਮਿਤੀ ਦਾ ਅਤੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ।

ਸਤਿਗੁਰੂ ਜੀ ਦੇ ਅੱਜ ਬੈਂਕੋਕ ਪ੍ਰਸਥਾਨ ਕਰ ਜਾਣ ਕਾਰਨ ਅਰਜ਼ਾਂ ਕਰਨ ਵਾਲਿਆਂ ਅਤੇ ਸਤਿਗੁਰੂ ਜੀ ਵੱਲੋਂ ਕਾਰਜ ਭੁਗਤਾਨ ਹਿਤ ਆਮ ਨਾਲੋਂ ਸਰਗਰਮੀ ਵਧੇਰੇ ਹੈ।

ਮੈਂ ਜਦੋਂ ਸ੍ਰੀ ਸਤਿਗੁਰੂ ਜੀ ਵਾਲੇ ਕੋਰੀਡੋਰ ਵਿੱਚ ਗਿਆ ਤਾਂ ਆਪ ਜੀ ਡਾਕਟਰ ਮੂਸਾ ਨਾਲ ਆ ਰਹੇ ਸਨ। ਮੇਰੀ ਨਮਸਕਾਰ ਪ੍ਰਵਾਨ ਕਰ ਡਾ. ਮੂਸਾ ਨੂੰ ਅਵਤਾਰ ਸਿੰਘ ਦਾ ਹੱਥ ਵੇਖਣ ਲੈ ਗਏ। ਫੇਰ ਪੰਜ ਸੱਤ ਮਿੰਟ ਬਾਅਦ ਵਾਪਸ ਆ ਕੇ ਮੈਨੂੰ ਦੱਸਿਆ ਡਾਕਟਰ ਮੂਸਾ ਨਬਜ ਦਾ ਬੜਾ ਸਿਆਣਾ ਹੈ। ਇੱਕ ਔਰਤ ਨੂੰ ਨਬਜ਼ ਵੇਖ ਕੇ ਦੱਸ ਦਿੱਤਾ ਕਿ ਅੱਜ ਉਸਦਾ ਮਾਸਕ ਧਰਮ ਜਾਰੀ ਹੋਣ ਵਾਲਾ ਹੈ। ਇੱਕ ਸੱਜਣ ਦੀ ਖੱਬੀ ਅੱਖ ਦੇ ਕੋਏ ਨੂੰ ਵੇਖ ਉਸ ਨੂੰ ਦੱਸਿਆ ਕਿ ਤੇਰੇ ਸੱਜੇ ਗਿੱਟੇ ’ਤੇ ਜ਼ਖ਼ਮ ਹੈ। ਜਿਸ ਤੇ ਪੱਟੀ ਬੱਝੀ ਹੋਈ ਹੈ। ਸਤਿਗੁਰੂ ਜੀ ਨੇ ਜਰਾ ਮੁਸਕਰਾ ਕੇ ਦੱਸਿਆ: ਇੱਕ ਕਨੇਡੀਅਨ ਫਿਲਮਸਾਜ਼ ਦੀ ਪਤਨੀ ਡਾਕਟਰ ਮੂਸਾ ਪਾਸ ਇਲਾਜ ਕਰਵਾਉਣ ਆਈ ਅਤੇ ਜਦੋਂ ਇਸਨੇ ਕੁਦਰਤੀ ਇਲਾਜ ਦੁਆਰਾ ਹੀ ਰੋਗ ਮੁਕਤ ਕਰ ਦਿੱਤਾ, ਉਹ ਤਾਂ ਇਹਦੀ ਸ਼ਾਗਿਰਦ ਹੀ ਬਣ ਗਈ ਪਰ ਉਹਦੇ ਪਤੀ ਨੇ ਕੋਈ ਫਿਲਮ ਬਣਾਉਣੀ ਸੀ। ਉਸਨੇ ਫੈਸਲਾ ਲਿਆ ਕਿ ਉਹ ਫਿਲਮ ਤਾਂ ਬਣਦੀ ਬਣੇਗੀ ਪਹਿਲਾਂ ਡਾਕਟਰ ਮੂਸਾ ’ਤੇ ਹੀ ਫਿਲਮ ਬਣਾਵਾਂਗਾ।

ਸ੍ਰੀ ਸਤਿਗੁਰੂ ਜੀ ਨੇ ਦੱਸਿਆ ਕਿ ਜਦੋਂ ਡਾਕਟਰ ਮੂਸਾ ਹੱਥ ਨੂੰ ਟੋਹ ਵੇਖ ਇਧਰੋਂ ਉਧਰੋਂ ਘੁੱਟ-ਨੱਪ ਕੇ ਰੋਗ ਦਾ ਕਾਰਨ ਤੇ ਨਿਦਾਨ ਦੱਸਦਾ ਹੈ ਤਾਂ ਕਈ ਲੋਕ ਕਹਿੰਦੇ ਹਨ ਜਿਵੇਂ ਉਹ ਰੇਖ ਦੇਖ ਕੇ ਰੋਗ ਦੱਸਦਾ ਹੈ। ਅੱਜ ਉਸਨੇ ਅਵਤਾਰ ਸਿੰਘ ਦੇ ਹੱਥ ਦੀ ਤਲੀ ਤੇ ਉਂਗਲਾਂ ਨੂੰ ਟੋਹ, ਵੇਖ ਕੇ ਉਸ ਦੀ ਸਵਸਥ ਬਾਰੇ ਕੁਝ ਦੱਸਿਆ ਹੈ। ਸੱਚਮੁੱਚ ਹੀ ਉਹ ਕੁਦਰਤੀ ਪਕੜ ਵਿੱਚ ਬੜਾ ਮਾਹਿਰ ਹੈ।

**ਚਲਦਾ...**



# ਅੱਖੀਂ ਡਿੱਠਾ ਕਿੱਸਾ ਕੀਤਾ

**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**

**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

...ਕਿੰਨਿਆਂ ਹੀ ਅਜੇਹਿਆਂ ਸਿੱਖਾਂ ਦੀ ਕਣਕਾਂ ਆਪਣੇ ਜਥੇ ਸਮੇਤ ਵੱਢਦੇ, ਗਾਹ ਕੇ, ਤੂੜੀ ਦਾਣਾ ਉਸ ਦੇ ਘਰ ਸੁੱਟਦੇ। ਨਾਲੇ ਰੋਜ਼ ਸੁਭਾ ਸ਼ਾਮ ਪਿੰਡ ਵਿਚ ਦੀਵਾਨ ਲਾਉਂਦੇ। ਨਵੇਂ ਸਿੰਘ ਸਜਾਉਂਦੇ ਅਤੇ ਸ਼ਬਦ ਪੜ੍ਹਦੇ ਫਿਰ ਅਗਲੇ ਪਿੰਡ ਚਲੇ ਜਾਂਦੇ। ਲਾਗੇ ਚਾਗੇ ਜੇ ਕੋਈ ਗ਼ਰੀਬ ਸਿੱਖ ਪਾਠ ਦੀ ਅਰਜ਼ ਕਰਦਾ ਤਾਂ ਸੰਤ ਆਪਣੇ ਡੇਰੇ, ਹਲ ਦਾ ਜੋਤਰਾ ਤੜਕੇ ਲਾਕੇ, ਘਰੋਂ ਪ੍ਰਸ਼ਾਦਾ ਛਕਕੇ, ਉਸ ਸਿੱਖ ਦੇ ਘਰ ਪਾਠ ਕਰਨ ਜਾਂਦੇ ਅਤੇ ਸਭ ਦੀਆਂ ਮੁਸ਼ਕਿਲਾਂ ਦੂਰ ਕਰਦੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਨਾਲ ਚਾਰ ਚੁਫੇਰੇ ਸੰਤਾਂ ਦੀ ਮਹਿਮਾ ਬਣੀ ਹੋਈ ਸੀ। ਸ਼ਰੀਕੇ ਭਾਈਚਾਰੇ ਵਿਚ ਵੀ ਇਹਨਾਂ ਦਾ ਪੂਰਾ ਮਾਨ ਸਨਮਾਨ ਸੀ। ਇਹ ਪੂਰਨ ਸੰਤ ਸਨ। ਇਹਨਾਂ ਦੀ ਮਹਿਮਾ ਕਹਿਣ ਸੁਨਣ ਤੋਂ ਬਾਹਰੀ ਹੈ।

ਸੰਤ ਇੱਕ ਦਿਨ ਆਪਣਾ ਜਥਾ ਲੈ ਕੇ ਪਿੰਡ ਜਲ੍ਹਣ ਚਲੇ ਗਏ। ਇਥੇ ਸੰਤਾਂ ਦੀ ਭੈਣ ਵਿਆਹੀ ਸੀ। ਉਹ ਸਾਰੇ ਕੁਸੰਗੀ ਸਨ। ਜਿਸ ਵੇਲੇ ਜਥੇ ਦੇ ਸਿੰਘ ਇਸ਼ਨਾਨ ਪਾਣੀ ਤੋਂ ਨਵਿਰਤ ਹੋ ਪ੍ਰਭੂ ਚਰਨਾਂ ਵਿਚ ਲੀਨ ਹੋ ਬੈਠੇ, ਭਜਨ ਬੰਦਗੀ ਕਰ ਰਹੇ ਸਨ ਤਾਂ ਸੰਤ ਭਾਨ ਸਿੰਘ ਕੁੱਝਰ ਨੂੰ ਗੋਬਿੰਦ ਨੇ ਜਣਾਇਆ ਕਿ ਜਿਸ ਘਰ ਅਸੀਂ ਬੈਠੇ ਹਾਂ, ਇਹਨਾਂ ਇੱਥੇ ਦੋ ਕਤਲ ਕੀਤੇ ਹਨ। ਸੰਤ ਆਲਾ ਸਿੰਘ ਹੋਰਾਂ ਨੂੰ ਭਾਨ ਸਿੰਘ ਹੋਰਾਂ ਨੇ ਕਮਰਕੱਸਾ ਕਰਕੇ ਆਖਿਆ ਪਈ ਮੈਂ ਤੇ ਜਾ ਰਿਹਾ ਹਾਂ। ਮੈਂ ਇਸ ਘਰ ਦਾ ਅੰਨ ਜਲ ਨਹੀਂ ਛਕਣਾ। ਤੁਸੀਂ ਇੱਥੇ ਦੋ ਅਖੰਡ ਪਾਠ ਕਰਨ ਲਈ ਕਹਿੰਦੇ ਹੋ। ਸੰਤਾਂ ਨੇ ਆਖਿਆ ਕਿ ਮੈਨੂੰ ਪੁੱਛ ਲੈਣ ਦਿਉ। ਜੇ ਐਸੀ ਗੱਲ ਹੋਈ ਤਾਂ ਫਿਰ ਸਾਰੇ ਹੀ ਚੱਲਾਂਗੇ। ਮੈਨੂੰ ਵੀ ਕੋਈ ਲੋਕ ਲੱਜਿਆ ਨਹੀਂ, ਇਸ ਮਾਮਲੇ ਵਿਚ ਜੇ ਇਹ ਦੋਸ਼ੀ ਹੋਏ। ਸੰਤਾਂ ਨੇ ਭੈਣ ਨੂੰ ਕਿਹਾ ਕਿ ਸੱਚੋ-ਸੱਚ ਦੱਸ ਦੇ। ਮੈਨੂੰ ਇਕ ਸਾਧੂ ਕਹਿ ਰਿਹਾ ਹੈ ਕਿ ਇਸ ਘਰ ਦੋ ਕਤਲ ਹੋਏ ਹਨ। ਦੋ ਕੁੜੀਆਂ ਨਹੀਂ ਇੱਕ ਕੁੜੀ ਅਤੇ ਇੱਕ ਲੜਕਾ ਮਾਰ ਕੇ ਦੱਬਿਆ ਸੀ। ਜਦੋਂ ਉਹਨਾਂ ਨੇ ਫਿਰ ਪੁੱਛਿਆ ਕਿ ਕੁੜੀਆਂ ਤਾਂ ਲੋਕ ਮਾਰਦੇ ਸਨ ਪਰ ਮੁੰਡਾ ਕਿਉਂ ਮਾਰਿਆ। ਸੰਤਾਂ ਦੀ ਭੈਣ ਦਾ ਜੁਆਬ ਸੀ ਇਹ ਪਾਪ ਮੇਰੇ ਘਰ ਵਾਲੇ ਨੇ ਕਰਵਾਇਆ, ਅਖੇ ਮੁੰਡਿਆਂ ਦੀ ਜ਼ਮੀਨ ਘੱਟ ਜਾਏਗੀ। (ਜਸ ਜੀਵਨ, ਜਿਲਦ ਪਹਿਲੀ, ਸਫਾ 176) ਭੈਣ ਨੇ ਆਖਿਆ, "ਜੀ ਸਾਧ ਸੱਚਾ ਏ ਤੇ ਮੈਂ ਝੂਠੀ ਹਾਂ। ਦੋ ਕੁੜੀਆਂ ਮਾਰ ਕੇ ਦੱਬੀਆਂ ਨੇ ਵਿਹੜੇ ਵਿੱਚ।" ਸੰਤਾਂ ਨੇ ਉਸ ਦੋਸ਼ ਦਾ ਉਹਨਾਂ ਨੂੰ ਡੰਨ ਲਾਇਆ, ਫਿਰ ਉਹਨਾਂ ਨੂੰ ਨਾਮ ਦੀ ਦਾਤ ਬਖ਼ਸ਼ ਕੇ ਭਜਨ ਬਾਣੀ ਵਾਲੇ ਪਾਸੇ ਲਾਏ ਅਤੇ ਫਿਰ ਅਖੰਡ ਪਾਠ ਕੀਤੇ।

ਸ੍ਰੀ ਸਤਿਗੁਰੂ ਜੀ ਨੇ ਜਿਲ੍ਹਾ ਗੁਜਰਾਂ ਵਾਲਾ ਦੀ ਸੰਗਤ ਨੂੰ ਦਰਸ਼ਨ ਦਾਤ ਨਾਲ ਨਿਹਾਲ ਕਰਨ ਬਾਦ ਜ਼ਿਲ੍ਹਾ ਸਿਆਲਕੋਟ ਦੀਆਂ ਸਿੱਕਦੀਆਂ ਰੂਹਾਂ ਦੀ ਸਾਰ ਲਈ। ਇਥੋਂ ਗੁਰਦਾਸਪੁਰ ਜ਼ਿਲ੍ਹੇ 'ਚੋਂ ਬਿਜਲੀਵਾਲ ਥਾਣੀਂ ਹੁੰਦੇ ਹੋਏ ਸਤਿਗੁਰੂ ਜੀ ਬਟਾਲੇ ਤੋਂ ਗੱਡੀ ਚੜ੍ਹ ਕੇ ਸ੍ਰੀ ਭੈਣੀ ਸਾਹਿਬ ਪੁਜ ਗਏ, ਫੱਗਣ ਦੇ ਮਹੀਨੇ ਵਿਚ। ਅਸੀਂ ਵੀ ਘੋੜਿਆਂ 'ਤੇ ਊਠਾਂ ਵਾਲੇ ਸਿੰਘ ਵੀ ਮੰਜ਼ਲਾਂ ਮਾਰਦੇ ਹੋਏ ਡੇਰੇ ਸ੍ਰੀ ਭੈਣੀ ਸਾਹਿਬ ਪੁੱਜ ਗਏ।

**ਦੂਜਾ ਹੋਲਾ ਅਨੰਦਪੁਰ ਸਾਹਿਬ ਦਾ 1975 ਬਿਕ੍ਰਮੀ:**

ਸਤਿਗੁਰੂ ਜੀ ਨੇ ਸਾਧ ਸੰਗਤ ਨੂੰ ਹੁਕਮ ਦੇ ਦਿਤਾ ਕਿ ਅਨੰਦਪੁਰ ਸਾਹਿਬ ਦੇ ਹੋਲੇ ਤੇ ਚੱਲਣਾ ਹੈ। ਇਹ ਹੋਲਾ ਫਿਲੌਕਿਆਂ ਵਾਲੇ ਸੇਠਾਂ ਗੁਰਮੁਖ ਸਿੰਘ ਮਹਿਲ ਸਿੰਘ ਆਦਿ ਨੇ ਕਰਵਾਇਆ ਸੀ। ਸਤਿਗੁਰੂ ਜੀ ਦਾ ਪਹਿਲਾ ਪੜਾਅ ਪਿੰਡ ਲੱਲ (ਰਿਆਸਤ ਪਟਿਆਲਾ) ਵਿਖੇ ਸੀ। ਦੂਸਰਾ ਡੇਰਾ ਲਖਣਪੁਰ ਜਾ ਲਾਇਆ। ਤੀਜਾ ਲੰਗਰ ਕਕਰਾਲੇ ਕੀਤਾ। ਚੌਥਾ

ਡਹਿਰ ਮੁੰਡੀਆਂ ਅਤੇ ਪੰਜਵਾਂ ਲੰਗਰ ਰੋਪੜ ਹੋਇਆ।

ਰੋਪੜ ਜਦੋਂ ਰਾਤ ਦਾ ਦੀਵਾਨ ਲੱਗਾ ਤਾਂ ਨਾਮਬਾਣੀ ਦੀ ਚੋਟ ਨਾਲ ਬਹੁਤ ਸਿੰਘ ਮਸਤਾਨੇ ਹੋਏ। ਸੰਤ ਚੰਦਾ ਸਿੰਘ ਹੋਰਾਂ ਦੇ ਬਾਰਾਮਾਂਹ ਦੀਆਂ ਤੁਕਾਂ ਵਰਗੀ ਦੀਵਾਨ ਦੀ ਛਬ ਬਣੀ:

"ਵੱਜੇ ਢੋਲਕ ਛੈਣੇ ਖੜਕਣ ਹੱਲੇ ਦੇ ਸ਼ਬਦ ਕਲੇਜੇ ਰੜਕਣ ਬੀਬੀਆਂ ਵਾਂਗ ਕਬੂਤਰ ਫਟਕਣ ਕਰਦੀਆਂ ਨ੍ਰਿਤ ਰਤਾ ਨਾ ਅਟਕਣ ਸੰਤ ਆਲਾ ਸਿੰਘ ਜੀ ਨੇ ਇਥੇ ਆਪਣੀ ਘੋੜੀ ਅਰਦਾਸ ਕਰਾ ਦਿਤੀ। ਰਾਤ ਸੰਗਤਾਂ ਇਥੇ ਹੀ ਬਰਾਜੀਆਂ। ਸਵੇਰੇ ਜਦੋਂ ਸਾਧ ਸੰਗਤ ਨੇ ਚਾਲੇ ਮਾਰੇ ਤਾਂ ਸਤਿਗੁਰੂ ਜੀ ਨੇ ਸਿੰਘ ਭੇਜਿਆ, ਸੰਤਾਂ ਦੀ ਘੋੜੀ ਦੇ ਕੇ ਕਿ ਇਸ 'ਤੇ ਸੰਤਾਂ ਨੂੰ ਆਖੋ ਅਸਵਾਰੀ ਕਰ ਲੈਣ। ਹੁਕਮ ਵੀ ਰਜ਼ਾ ਵਿੱਚ ਹੀ ਮੰਨਿਆ ਜਾਂਦਾ ਹੈ। ਜਦੋਂ ਗੋਬਿੰਦ ਦੀ ਰਜ਼ਾ ਨਾ ਹੋਵੇ ਉਦੋਂ ਹੁਕਮ ਵੀ ਨਹੀਂ ਮੰਨਣ ਦਿੰਦਾ। ਸੰਤਾਂ ਜੁਆਬ ਦੇ ਕੇ ਘੋੜੀ ਮੋੜ ਘੱਲੀ ਕਿ ਘੋੜੀ ਹੁਣ ਮੇਰੀ ਨਹੀਂ ਰਹੀ। ਮੈਂ ਇਸ ਤੋਂ ਨਹੀਂ ਚੜ੍ਹਾਂਗਾ।

ਸਤਿਗੁਰੂ ਜੀ ਨੇ ਸਿੰਘ ਦੀ ਗੱਲ ਸੁਣਕੇ ਕਿਹਾ ਕਿ ਜੱਟ ਬੜੀ ਆਕੜ ਵਿਚ ਹੈ। ਮੇਰਾ ਹੁਕਮ ਵੀ ਨਹੀਂ ਸੂ ਮੰਨਿਆ ਘੋੜੀ ਤੇ ਚੜ੍ਹਣ ਵਾਲਾ। ਨਾਲ ਹੀ ਹਜ਼ੂਰ ਨੇ ਨੌਵੇਂ ਮਹੱਲੇ ਦੇ ਸਲੋਕ ਵੀ ਸੁਣਾ ਦਿਤੇ। ਪਹਿਲਾਂ ਗੁਰੂ ਚੇਲੇ ਦੀ ਬੜੀ ਬਣਦੀ ਸੀ। ਪਰ ਇਸ ਘਟਨਾ ਤੋਂ ਬਾਦ ਮਨਾਂ ਵਿਚ ਕੁਝ ਕੁਝ ਬੇਸੁਆਦੀ ਜਹੀ ਆ ਗਈ। ਹੁਣ ਇਥੋਂ ਚਾਲੇ ਮਾਰਦੇ ਹਨ। ਜਦੋਂ ਸਫ਼ਰ ਦੀ ਵੱਡੀ ਮੰਜ਼ਲ ਹੁੰਦੀ ਸੀ, ਉਦੋਂ ਘੋੜਿਆਂ 'ਤੇ ਹੀ ਆਸਾ ਜੀ ਦੀ ਵਾਰ ਦਾ ਕੀਰਤਨ ਕਰਿਆ ਕਰਦੇ ਸਨ। ਸੰਤ ਅਗਾਂਹ ਤੁਰ ਗਏ ਸਨ ਪਹਿਲੋਂ ਹੀ। ਦਿਨ ਚੜ੍ਹਦੇ ਨੂੰ ਸਰਸੇ ਨਦੀ 'ਤੇ ਪੁੱਜ ਗਏ। ਫਿਰ ਕੀਰਤਪੁਰ ਚੱਲ ਕੇ ਸਾਧ ਸੰਗਤ ਨੇ ਜਲ ਪਾਣੀ ਛਕਿਆ। ਇਥੋਂ ਅਨੰਦਪੁਰ ਸਾਹਿਬ ਪੰਜ ਕੋਹ ਸੀ। ਲੌਢੇ ਵੇਲੇ ਨੂੰ ਉਥੇ ਪਹੁੰਚ ਗਏ। ਚਰਨ ਗੰਗਾ ਨਦੀ ਦੇ ਪਾਰਲੇ ਪਾਸੇ ਤੰਬੂ ਲੱਗ ਗਏ, ਗੱਡੇ ਖਲੋ ਗਏ ਅਤੇ ਊਠ ਘੋੜੇ ਬੰਨ੍ਹ ਦਿੱਤੇ। ਉੱਥੇ ਹੀ ਲੰਗਰ ਹੋਏ ਅਤੇ ਦੀਵਾਨ ਸਜਦੇ ਰਹੇ। ਚੌਥੇ ਦਿਨ ਹੋਲੇ ਮਹੱਲੇ ਦਾ ਭੋਗ ਪੈ ਗਿਆ।

ਭਾਈ ਕਾਲੂ ਕੇ ਰਾਗੀ ਅਤੇ ਸੰਤ ਲਾਲ ਸਿੰਘ ਜੀ ਦਾ ਜਥਾ, ਭਾਈ ਹਰਨਾਮ ਸਿੰਘ ਰਾਗੀ ਦਾ ਜਥਾ ਨਾਲ ਮੰਗਲ ਸਿੰਘ, ਗਣੇਸ਼ਾ ਸਿੰਘ, ਪਰਤਾਪ ਸਿੰਘ ਇਹ ਦੂਜਾ ਜਥਾ ਸੀ ਰਾਗੀਆਂ ਦਾ। ਜਦੋਂ ਇਹ ਕੀਰਤਨ ਕਰਦੇ ਮਾਤ ਲੋਕ ਦੇ ਜੀਵ ਤਾਂ ਕੀ ਦੇਵ ਲੋਕ ਦੀਆਂ ਆਤਮਾਵਾਂ ਵੀ ਇਹਨਾਂ ਨੂੰ ਸੁਣਨ ਵਾਸਤੇ ਆ ਜਾਂਦੀਆਂ। ਭਾਈ ਹਰਨਾਮ ਸਿੰਘ ਹੋਰਾਂ ਨੂੰ ਹੀ ਸਤਿਗੁਰੂ ਜਗਜੀਤ ਸਿੰਘ ਅਤੇ ਮਹਾਰਾਜ ਬੀਰ ਸਿੰਘ ਜੀ ਦਾ ਬਚਪਨ ਵਿਚ ਰਾਗ ਦਾ ਉਸਤਾਦ, ਸਤਿਗੁਰੂ ਜੀ ਨੇ ਥਾਪਿਆ ਸੀ। ਇਹਨਾਂ ਤੇ ਮੁਹਾਵੇ ਵਾਲੇ ਸੰਤ ਕੇਸਰ ਸਿੰਘ ਜੀ ਦੀ ਪੂਰਨ ਕ੍ਰਿਪਾ ਸੀ। ਤੀਜਾ ਜਥਾ ਸੀ ਪ੍ਰਤਾਪ ਸਿੰਘ (ਸੰਤ ਭੂਰੇ ਗਿੱਲੀਏ, ਲਾਲ ਸਿੰਘ ਦਾ ਪੁੱਤਰ) ਜੀ ਦਾ ਨਾਲ ਸਨ ਨੱਥਾ ਸਿੰਘ ਤੇ ਜੋੜੀ ਵਾਲਾ ਤਾਰਾ ਸਿੰਘ। ਇਹ ਪ੍ਰਤਾਪ ਸਿੰਘ ਵੀ ਤਾਊਸ ਦਾ ਵਧੀਆ ਵਜੰਤਰੀ ਸੀ, ਜਦੋਂ ਪ੍ਰੇਮ ਵਿਚ ਆ ਕੇ ਗਾਉਂਦਾ ਸੀ ਤਾਂ ਸਮਾਂ ਬੱਝ ਜਾਂਦਾ ਸੀ। ਚੌਥਾ ਜਥਾ ਰਾਗੀਆਂ ਦਾ ਹੋਰ 7-8 ਸਿੰਘ ਇਕੱਠੇ ਕਰ ਕੇ ਬਣਾਇਆ ਸੀ ਜੋ ਇਕੱਲੇ ਇਕੱਲੇ ਹੋਲਾ ਵੇਖਣ ਆਏ ਸਨ। ਸ਼ਾਮ ਦੇ ਵੇਲੇ ਲਾਭ ਸਿੰਘ ਢਾਡੀ ਤੋਂ ਯੋਧਿਆਂ ਦੀਆਂ ਬੀਰ ਰਸੀ ਵਾਰਾਂ ਸੁਣੀਆਂ ਜਾਂਦੀਆਂ ਤਾਂ ਜੁ ਸੰਗਤ ਸ਼ਹੀਦੀ ਰੰਗ ਵਿਚ ਵੀ ਰੰਗੀ ਰਹੇ। ਕਿਉਂ ਜੁ ਸਤਿਗੁਰੂ ਰਾਮ ਸਿੰਘ ਜੀ ਦਾ ਪੰਥ, ਨਾਮ ਬਾਣੀ ਜਪਣ ਵਾਲਿਆਂ ਅਤੇ ਦੁਸ਼ਟਾਂ ਨੂੰ ਸੋਧਣ ਵਾਲਿਆਂ ਸੰਤ ਸਿਪਾਹੀਆਂ ਦਾ ਪੰਥ ਸੀ, ਨਿਰੋਲ ਆਦਿ ਗ੍ਰੰਥ ਦੀ ਬਾਣੀ ਤੇ ਆਧਾਰਿਤ ਕੀਰਤਨ ਕਰਨ ਵਿਚ ਸੰਤ ਲਾਲ ਸਿੰਘ ਭੂਰੇਗਿੱਲੀਏ ਸਿਰਮੌਰ ਸਨ। ਆਦਿ ਤੇ ਦਸਮ ਦੀ ਬਾਣੀ ਅਤੇ ਬਾਣੀ ਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਜੁੱਧਾਂ ਦਾ ਨਕਸ਼ਾ ਪੇਸ਼ ਕਰਨ ਵਿਚ, ਚਵਿੰਡੇ ਵਾਲੇ ਹਰਨਾਮ ਸਿੰਘ ਦਾ ਕੋਈ ਸਾਨੀ ਨਹੀਂ ਸੀ। ਤੀਜੇ ਤੇ ਚੌਥੇ ਜਥੇ ਵਾਲੇ ਵੀ ਸ੍ਰੀ ਆਦਿ ਗ੍ਰੰਥ ਦੀ ਬਾਣੀ ਨੂੰ ਹੀ ਜ਼ਿਆਦਾਤਰ ਆਪਣੇ ਕੀਰਤਨ ਦਾ ਆਧਾਰ ਬਣਾਉਂਦੇ ਸਨ। ਕੀਰਤਨ ਬੱਸ ਐਸਾ ਹੀ ਹੁੰਦਾ ਸੀ। ਸਭ ਸੁੰਨ ਸਮਾਧ ਹੋ ਜਾਂਦੇ। ਇਸੇ ਲਈ ਇਹਨਾਂ ਦੀਵਾਨਾਂ ਵਿਚ ਹੀ ਮਸਤ ਸਿੰਘ ਗਾਉਂਦੇ ਸਨ:

ਬਾਬੇ ਬਾਣ ਬਾਣੀ ਦੇ ਮਾਰੇ<br>ਰਾਜੇ ਜੋਗੀ ਹੋ ਗਏ ਨੀ<br>ਭਰਮ ਭਉ ਸਾਰੇ ਖੋ ਗਏ ਨੀ।

ਪੰਥ ਦੇ ਪ੍ਰਚਾਰਕ ਇਹ ਸਿੰਘ ਸਨ:

ਬਹਿਸ ਦੇ ਧਨੀ ਸਨ- ਸੰਤ ਭਗਤ ਸਿੰਘ ਜੀ ਦਾਤੇ ਵਾਲੀਏ। ਬਾਣੀ ਦੇ ਪ੍ਰਮਾਣਾਂ ਦੁਆਰਾ ਦੇਹਧਾਰੀ ਗੁਰੂ' ਦੇ ਵਿਚਾਰ ਨੂੰ ਸਿੱਧ ਕਰਦੇ ਸਨ। ਸੰਤ ਆਦਿ ਗ੍ਰੰਥ ਤੋਂ ਇਲਾਵਾ ਦਸਮ ਗ੍ਰੰਥ ਜੀ ਦੀ ਬਾਣੀ ਦੇ ਵੀ ਪਰਪੱਕ ਵਿਦਵਾਨ ਸਨ। ਅਰਬੀ ਫ਼ਾਰਸੀ

ਦੇ ਵੀ ਮਾਹਿਰ ਸਨ। ਰਾਵੀ ਦੇ ਕੰਢੇ ਦੇ ਪਿੰਡ ਫਤੂਹੀ ਚੱਕ ਦੇ ਸੰਤ ਮੰਗਲ ਸਿੰਘ ਜੀ ਅਰਸ਼ੀ ਫ਼ਰਿਸ਼ਤਾ, ਦੁਨੀਆਂ ਨੂੰ ਆਕਾਸ਼ ਪਤਾਲ ਦੀਆਂ ਖ਼ਬਰਾਂ ਲਿਆ ਕੇ ਦੱਸਦੇ ਸਨ, ਆਪਣੇ ਸਤਿਗੁਰ ਦੀ ਕ੍ਰਿਪਾ ਨਾਲ। ਜੇ ਇਹ ਸੰਤ ਆਪਣੇ ਦੀਵਾਨ ਵਿਚ ਗਾਹਲਾਂ ਵੀ ਕੱਢਦੇ ਤਾਂ ਐਸੇ ਰਸ ਵਿਚ ਕੱਢਦੇ ਕਿ ਸਰੋਤੇ ਤਾਂ ਵੀ ਨਿਹਾਲ ਹੁੰਦੇ। ਸੰਤ ਟਹਿਲ ਸਿੰਘ ਜੀ ਸੱਦੋਵਾਲੀਏ, ਇਹ ਗੁਰਮਤ ਫਲਸਫ਼ੇ ਵਿਚ ਨਿਪੁੰਨ ਸਨ। ਸੰਤ ਸੁੰਦਰ ਸਿੰਘ ਜੀ ਭੂਰੀ ਵਾਲੇ ਨਿਮਰਤਾ ਸਹਿਤ ਪ੍ਰੇਮ ਨਾਲ ਸ਼ਬਦ ਪੜ੍ਹਦੇ। ਸਾਰੀ ਉਮਰ ਹੀ ਕਾਲੀ ਭੂਰੀ ਰੱਖੀ। ਪ੍ਰਦੇਸੀ ਪ੍ਰੀਤਮ ਜੋ ਜਾਂਦੀ ਵੇਰ ਕਾਲੀ ਕੰਬਲੀ ਦੀ ਬੁੱਕਲ ਮਾਰ ਕੇ ਗੱਡੇ 'ਤੇ ਬੈਠੇ ਸਨ, ਉਹਨਾਂ ਦੇ ਆਪਣੀ ਜਨਮ ਭੂਮੀ ਤੋਂ ਉਸ ਅੰਤਿਮ ਸਫ਼ਰ ਦੀ ਯਾਦ ਵਿਚ ਹੀ ਸੰਤ ਇਹ ਕਾਲੀ ਭੂਰੀ ਰੱਖਦੇ। ਇਹਨਾਂ ਦੇ ਜਥੇ ਵਿਚ ਵੀ ਕਈ ਸਿੰਘ ਸ਼ਾਮਲ ਸਨ। ਇਹ ਸ਼ਮੀਰਪੁਰ ਜ਼ਿਲ੍ਹਾ ਸਿਆਲਕੋਟ ਦੇ ਸਨ। ਲੁਧਿਆਣੇ ਬੁੱਢੇ ਦਰਿਆ ਦੇ ਕੰਢੇ ਇਹਨਾਂ ਦਾ ਗੁਰਦੁਆਰਾ ਹੈ। ਭਜਨ ਦੱਸਦਿਆਂ ਹੀ ਮਸਤ ਕਰਨ ਵਾਲੇ ਅਤੇ ਸ਼ਰਾਬੀਆਂ ਕਬਾਬੀਆਂ ਨੂੰ ਕੂਕੇ ਬਨਾਉਣ ਵਾਲੇ ਸਨ, ਸੰਤ ਸੁੰਦਰ ਸਿੰਘ ਜੀ ਘੁੰਗਾਂ ਵਾਲੇ। ਇਹ ਵੀ ਬੜੇ ਸੁਹਣੇ ਚਾਰਕ ਸਨ।

ਇੱਥੇ ਸਤਿਗੁਰੂ ਜੀ ਦੇ ਹਜ਼ੂਰੀ ਜਥੇ ਵਿਚ ਸ਼ਾਮਲ ਸਨ: ਸੰਤ ਆਲਾ ਸਿੰਘ ਜੀ ਆਪਣੇ 15-20 ਸਾਥੀਆਂ ਸਮੇਤ, ਸੰਤ ਮੋਹਨ ਸਿੰਘ ਜੀ (ਜੌਹਲਾਂ ਦਾ ਵਡਾਲਾ ਜ਼ਿਲਾ ਅੰਮ੍ਰਿਤਸਰ) 5-7 ਸਾਥੀਆਂ ਸਣੇ, ਸੰਤ ਫਤਹਿ ਸਿੰਘ ਜੀ ਮਾਂਗਾ ਇਹਨਾਂ ਨਾਲ ਵੀ 5-7 ਸਰੀਰ ਹੁੰਦੇ ਸਨ। ਜਦੋਂ ਦੀਵਾਨ ਪੰਡਾਲ ਵਿਚ ਲਾਉਂਦੇ ਤਾਂ ਆਪੋ ਆਪਣਿਆਂ ਇਲਾਕਿਆਂ ਦੇ ਹੋਰ ਸਿੰਘ ਵੀ ਨਾਲ ਸ਼ਾਮਲ ਕਰ ਲੈਂਦੇ। ਇਹ ਸਿੰਘ ਰਾਤ ਵੀ ਸਤਿਗੁਰੂ ਜੀ ਨਾਲ ਕੀਰਤਨ ਕਰਦੇ ਸਨ, ਜਦੋਂ ਪੰਡਾਲ ਵਿਚ ਦੀਵਾਨ ਦਾ ਹੁਕਮ ਨਾ ਹੁੰਦਾ ਉਦੋਂ ਆਪਣੇ ਡੇਰੇ ਵਿਚ ਹੀ ਹਰ ਜੱਸ ਕਰ ਲੈਂਦੇ ਸਨ।

**ਦੋਹਾਂ ਦਲਾਂ ਭਿੜਦਿਆਂ**

ਸਤਿਗੁਰੂ ਜੀ ਦੇ ਘੋੜੇ ਬੱਝੇ ਹੋਏ ਸਨ। ਨਿਹੰਗ ਸਿੰਘਾਂ ਦਾ ਦਲ ਜੈਕਾਰੇ ਛੱਡਦਾ ਆਇਆ ਤੇ ਘੋੜਿਆਂ ਦੇ ਕਿੱਲੇ ਪੁੱਟ ਦਿੱਤੇ। ਕੁਝ ਚਿਰ ਤਾਂ ਅਸਾਂ ਸਤਿਗੁਰੂ ਜੀ ਦੇ ਹੁਕਮ ਦੀ ਇੰਤਜ਼ਾਰ ਕੀਤੀ, ਪਰ ਆਪ ਜੀ ਤਾਂ ਬਿਰਾਜੇ ਹੋਏ ਸਨ। ਫਿਰ ਸਿੰਘ ਵੀ ਉੱਠ ਕੇ ਪੈ ਗਏ। ਦੁਪਾਸੀਂ ਖੜਕਣ ਲੱਗ ਪਈਆਂ। ਨਿਹੰਗ ਸਿੰਘ ਹਰਨ ਹੋ ਗਏ। ਆਪਣੇ ਪਾਸਿਉਂ ਲੜਨ ਵਾਲੇ ਸਿੰਘ ਸਨ, ਘੋੜਿਆਂ ਵਾਲੇ ਸਿੰਘ ਅਤੇ ਸਤਿਗੁਰਾਂ ਦੇ ਹਜ਼ੂਰੀ ਜਥੇ ਦੇ ਸਿੰਘ ਕੁਝ ਕੁ, ਕਿਉਂਕਿ ਸੱਚੇ ਪਾਤਸ਼ਾਹ ਦਾ ਤੰਬੂ ਵੀ ਨਜ਼ਦੀਕ ਹੀ ਸੀ। ਉਹਨਾਂ ਦਾ ਊਠਾਂ ਘੋੜਿਆਂ ਵਾਲਿਆਂ ਨਾਲ ਸ਼ੁਰੂ ਤੋਂ ਹੀ ਪਿਆਰ ਸੀ ਇਸ ਲਈ ਆਪਣਾ ਡੇਰਾ ਉਹਨਾਂ ਦੇ ਲਾਗੇ ਹੀ ਰੱਖਦੇ। ਘੋੜਿਆਂ ਵਾਲਾ ਜੱਥਾ; ਇਸ ਵਿਚ ਇਹ ਸਿੰਘ ਸ਼ਾਮਲ ਸਨ:

1. ਊਧਮ ਸਿੰਘ ਚੇਲੇਕਾ ਦਰੋਗਾ, ਤੀਹ ਜੁਆਨ ਇਸ ਦੇ ਥੱਲੇ ਕੰਮ ਕਰਦੇ ਸਨ।
2 ਊਧਮ ਸਿੰਘ ਦਾ ਛੋਟਾ ਭਾਈ ਆਤਮਾ ਸਿੰਘ ਦਾੜ੍ਹੀ
3. ਦਰੋਗੇ ਦੇ ਚਾਚੇ ਦਾ ਪੁੱਤ ਭਰਾ ਅਮਰ ਸਿੰਘ ਤੇ ਉਸਦਾ ਛੋਟਾ ਭਾਈ
4. ਦਿਆਲ ਸਿੰਘ ਚੇਲੇਕੇ (ਅੰਮ੍ਰਿਤਸਰ)
5. ਗੁਰਮੁਖ ਸਿੰਘ ਝੱਬਰ (ਪੇਸ਼ ਕਰਤਾ)
6. ਲਾਭ ਸਿੰਘ ਫੱਤੇਵਾਲਾ (ਸਿਆਲਕੋਟ)
7. ਸ੍ਰ. ਭਗਤ ਸਿੰਘ ਪਿੰਡ ਵੀਲ੍ਹਾ (ਗੁਰਦਾਸਪੁਰ) ਉਪਨਾਮ ਚੀਕੂ
8. ਸੰਤਾ ਸਿੰਘ ਕੰਬੋ ਚੂਹੇਝਾੜ (ਸ਼ੇਖੂਪੁਰਾ)
9. ਉਜਾਗਰ ਸਿੰਘ, ਮੁਖ਼ਤਾਰਪੁਰ (ਸਿਆਲਕੋਟ)
10. ਦਲੀਪ ਸਿੰਘ ਠੇਠਰ ਕੇ (ਗੁਰਦਾਸਪੁਰ)
11. ਸੇਵਾ ਸਿੰਘ ਰੁੜਕਾ (ਲੁਧਿਆਣਾ)
12. ਚਤਰ ਸਿੰਘ, ਅਸ਼ਟਾਵੱਕਰ ਪਿੰਡ ਮਹਿਮਦਵਾਲੀ (ਸਿਆਲਕੋਟ)
13. ਖੜਕ ਸਿੰਘ ਚੁਰਲ ਪਿੰਡ ਤਤਲੇ (ਸਿਆਲਕੋਟ)
14. ਨਰਾਇਣ ਸਿੰਘ 'ਅਮਲੀ ਖੇਡਾ (ਅੰਮ੍ਰਿਤਸਰ)

**ਚਲਦਾ...**

## God fearing or God loving ? Notes from here and there with His Holiness Satguru Jagjit Singh Ji

**Taranjiet Singh Namdhari**
Mob: 9820054210

Religion and Spirituality are two facets of the same coin as much as Love and Fear are of the same coin. And all of them are intertwined and are the bases that contribute towards the formation of a person's faith. Faith in itself is defined by one's belief in the occurrence and acceptance of miracle(s) and its creator and leads to the reinforcement of either love or fear depending on which hand the Creator deals out on that particular day.

Like everyone else we have been brought up on the path of our religion and faith and have been nurtured and tutored who and what to follow from childhood. But as we grow up and the environment around us changes, the marquees of faith and religion keep changing. And it becomes increasingly difficult to maintain both. At such junctures a sense of fear is then instilled in the faithful, that if you don't do this, this will happen and if you do that, then that will happen. Slowly and surely as one grows up he becomes a God fearing person and hence in the eyes of the world a good person.

But is this what Religion and Spirituality is about? We do something because we fear that something might happen that we may not like? A well meaning but never the less a debatable question that cropped up in a discussion.

In a mind that has been pre-occupied and images keep floating in and out with memories of His Holiness Sri Satguru Jagjit Singh Ji, one dwells and wonders at the above take on Religion, Spirituality, Love, Fear etc., Would our relationship and faith fall into the same gambit or is it something else.

The answer to it perhaps lies in the personal and spiritual relationship that His Holiness Satguru Jagjit Singh Ji shared with each and every one of us. Yes each and everyone of us... come to think of it... if one was to go back and think, He has known each and everyone of us by name, mind you no small achievement considering we all must number more than a million. Add it the fact that this was over 92 years of His physical presence, across at least 7-8 generations of each family. Wow... how many of us even remember the names of our friends from schools or far that matter family members and cousins with whom we have spent our childhood.

As mere ordinary humans, mired in the hum drum of our daily lives, like others we all have the same fear and would have accounted and added to the God fearing population if not for His Holiness. His enduring love, the jest and energy that He poured in knowing each and every facet of one's life and His guiding force behind each and every decision, that made one forget their fears and do everything for the love of doing it and do it to get His benevolence and love.

# MURDER OF BEEF BUTCHERS BY KUKAS



**Edited by: Dr. Gurdev Singh Sidhu**
9417049417

The difference between the Hindoos and the Mahomedan potters was ably adjusted by Sardar Hurchan Dass on the 31st May; and the fortnight closed with the Darbar on the 3rd June, at which you presided and spoke, and your speech was printed and widely distributed.

Not a whisper had reached me of any continued dissatisfaction from the date of your departure up to this date. It is true that, suffering from an affection in the eyes, I was forone week unable to attend Cutcherry, though I worked at home, but I was in daily communication with the District Superintendent, Police, and trusted to his information.

Late last night - or rather at 2A.M. this morning- the information came that a murderous assault had been made on the butchers in the slaughter-house by *Nihungs*. Four were killed outright, being cruelly cut to pieces, and three others dangerously wounded - two of them are hardly likely to survive. From the nature of the wounds, it would appear that threeor four men hadhacked at each of them. The survivors state that they were attacked in their sleep by a large party.Accompanied by Mr. Turton Smith and the Extra Assistant Rai Agha Kulubabid, to whose sagacity and energetic resistance I am much beholden, I reached the spot shortly before daybreak, but thinking it of more importance to take the depositions of the survivors, who had been removed to the dispensary, I left the local enquiry to the Police, A tracker was employed, and the *Boongahs* were searched. I also sent for Sardar Bhagwan Singh, Dewa Singh,Commandant, and Mungul Singh. The latter has been two or three times to me during the day and gives me hopes of a successful issue. The ferries have been watched,neighbouring districts communicated with, and all possible precautions taken. Up to the present nothing has resulted from the labours of the Police; but I hope to be able to report more probably soon. It is of course imperative that the perpetrators of this daring outrage should be apprehended and brought to justice, and no endeavourshallbe wanting on my part to secure this desirable termination.

Description of the bodies and wounded men brought into the Hospital on the 15th of June 1871.

Body No. 1.- Name Peera; caste Mahomedan; sex male; age about 45;No. of body 28; case No. 99. External appearance- a well nourished man. Cut across top of the head down into the brain; left wrist severed; two cuts across the lower part of the chest- all caused by a sharp instrument such as a sword.

Body No. 2- Name Jeown; caste Mahomedan; sex male; age 50 years; This man is a stranger. Oldest, well nourishedman. External appearance: wound at the back of the neck, severing the spinal cord; a slight cut at the right corner of mouth; two cuts through the muscles and ribs of the back .

Body No. 3- Name Sadee; caste Mahomedan;sex male; age 20 years;Young man, several cuts above the left side of the head and neck; the brain wounded; jugular vein severed; bone cut above the left elbow; a wound on the left side of the thorax.

Body No. 4.- Name Emee; caste Mahomedan;sex male; age about 15. Right arm severed from the upper arm; cuts on fingers; cuts on right shoulder; the head nearly severed from the body by repeated blows on the back of the neck.

Wounded man No.1.- NameElahie Bux; caste Mahomedan;sex male; age 40 years. Incised wound of the left shoulder through acromion into shoulder joint;slight wound on left upper arm; slight wound on front of chest; superficial wound on right shoulder; deep wound on right wrist,insidebetween carpal bone and radius.Dressed before I saw him.

Wounded man No.2- Name Keema, casteMahomedan, sex male,age 30 years. Two severe and deep wounds about the right scapula, which was cut through in both places.

Adam Taylor,

Civil Surgeon,Umritsar.

Wounded man No. 3. - Name Kurum Deen, casteMahomedan, sex male, age about 30 years.This man was brought in afterwards, andexamined by the undersigned.Aslight cut on the left shoulder and palm of the hand.

Sahib Ditta

Sub Assistant Surgeon.

----

No. 236A-854A, -44 S., dated Lahore, 19th June 1871

From – Lepel H. Griffen, Esq., Offg. Secretary to Government, Punjab.

To – The Secretary to Government of India, Foreign Department.

In continuation of my letter No.38-S, dated 16th June, I am desired by the Hon'ble the Lieutenant-Governor to forward for the information of His Excellency the Viceroy and Governor-General in Council,copy of letter No. 39S, dated 15th June,from the Deputy Commissioner, Amritsar, giving further information regarding the late murderous assault on the butchers at Amritsar, together with copy of the doctor's report on the murdered and wounded men.

No. 150, dated Amritsar, the 21st June 1871

From–Major W. G. Davies, Commissioner and Superintendent, Amritsar Division.

To – The Offg. Secretary to Government, Punjab.

I have the honor in continuation of my

No. 124, of the 16th ultimo, to report further on the religious excitement in Amritsaron the subject of kine killing.

2. I may premise by saying that,having demi-officially reported the measures adopted by me to quite the minds of the people on the subject, and the approval of Government to these having been conveyed to me by telegraph, I put off sending in what I hoped would be the final official report till sufficient time had passed without disturbance to enable me to state with confidence that every spark of ill-feeling between the Hindoos and Mahomedans of the city had died out. I was just about to write the report referred to when the news reached me of the tragedy which was enacted at the slaughterhouse on the morning of the 15th instant.The particulars of the murder have been already communicated to you, and the result of the inquiry being made by the police to discover the murderers will be reported for the information of Government as soon as the inquiry is completed.In the meantime, I beg to furnish this and intermediate report.

3. The signs by which the religious excitement on the subject of the slaughter of kineshowed itself in Amritsar, and the measures taken by the Deputy Commissioner to put an end to it, are fully described by him in his letter No. 344 of 8th, and No. 353 of the 15th May 1871. A copy of the former and my reply to it (No. 418, of 15th idem)furnishing the Deputy Commissioner with instructions on certain points on which he had asked for, was forwarded to you with my No. 124, of the 16th idem; of the latter a copy is herewith annexed.

4. The contents of the Deputy Commissioner's reports maybe summarized as follows:- the first signs of the excitement showed themselves as early 3rd April last, but nothing serious occurred till the 24th of that month, when a man of the name of Dewa Singh took a beef bone intothe temple and placed itin front of the Grunth. This had the effect of at once setting in a blaze the feelings which had for some time been quietly smouldering, and from that time crowds of Sikhs and Hindoos began to assemble.An agitation was set on foot, having for its object the complete suppression of kine-killing in or about the holy city; and several affrays took place, on the slightest pretexts, between the Hindoos and Mahomedans of this city.

5.The measures taken by the Deputy Commissioner to quiet the minds of the people and suppress disturbances before my arrival are described in his letters, and need not be repeated here.They weredecidedly successful; and when I arrived here, on the 20th,I found the Hindoos inclined to listen to reason although determined to leave no stone unturned to put an end, if possible, to the slaughter of kine at Amritsar.

6. I arrived here, as before stated, on Saturday, the 20th, and found that the 22nd May had been fixed by the Deputy Commissionerfor the discussion by the Municipal Committee of the question whether the slaughter-house contract, which this year had been taken by the butchers, should be

allowed to continue, orbe cancelled, as in a moment of panic, had been voted by the native members of the Municipal Committee. I employed the entire interval in receiving the leading native gentlemen of both creeds, hearing what they had to say, and obtaining from the district and divisional offices all papers relating to this subject, and the records of previously decided cases.

7. I thus discovered that the Hindus generally were not acquainted with the orders which had been issued by the Board of Administration, after annexation, with the approval of Government (as contained in the Board's CircularNo. 83 of the 5th May 1849, and its enclosures), and they based a claim for exemption from the general rules on the subject of kine-killing on an order dated 24th March 1847, signed by Sir Henry Lawrence as Resident, and which is engraved on a copper plate at the entrance to the holy temple, calledthe Darbar Sahib, a copy of this order is annexed hereto.

8. It was very necessary that the Hindoos should be undeceived on this point and it seemed to me that the meeting of the Municipal Committee, at which I was to be present, would afford an excellent opportunity of doing this, and at the same time explaining to the representatives of both religions the general principles by which our Government is guided in dealing with such matters.Accordingly, before the question whether the slaughter-house contract should be allowed to run out wasput,I addressed the meeting. I explained to them that, as long as the government was carried on in the name of Maharaja Duleep Singh, our Government out of deference to the Sikh sovereign, maintained the prohibition against the slaughter of kine, which had always existed under the Sikhs; but that as soon as the Punjab was annexed to the British dominions, this prohibition was removed, on the principle set forth in the Governor-Generals' proclamation of the 20th May 1849, that "no one should be allowed to interfere with the practice by his neighbors of customs which that neighbor's religion either enjoins or permits;" and the Board of Administration therefore directed that a spot should be set apart outside every large town for the slaughter of kine, but at the same time issued strict injunctions against the open sale of the beef in shops within the towns.I reminded them that,in pursuance of these orders, Mr. Saunders, in consultation with the Rai Tukht Mull and other Hindoopunches of the place, had selected a spot for a slaughter-house at a distance from the city walls, and that from that day to this, the system then inaugurated had continued without an interruption and without cavil. I added that the same system must continue for the future;but that the authorities would be always ready to protect the Hindoos from anything approaching to intentional insult on the part of the Mahomedans in regard to this matter; and I ended with telling them that I looked to them, as the representatives of each sect and class in the city, to explain all this to the people, and assist the authorities in restoring order and the good feeling which

had always subsisted between the two sections of the population. I have omitted, I find, to say that I fully explained to the Hindoos and Sikhs their present, thatif they had any reasonable ground of complaint as regards the manner in which the slaughter of kine and the sale of the flesh, had been recently carried on, the authorities would be ready at all times to listen to representations put forward in a respectful manner; but that the Government would not permit anything like rioting, even toattain a reasonable object, muchless if their demands were unreasonable.My address had a marked effect; and the meeting ended in passing a vote that the existing slaughter-house contract should not be interfered with. Some of the Hindoos voted against the continuance of it; others refrained from voting at all.

9. The result of the meeting was felt by us to be very satisfactory, as we knew that any interference with the contact then, following so soon after the disturbances which had taken place in the city, slight though they were, would have been looked on by the Hindoos as an exhibition of weakness on the part of the authorities, and the evil-disposed among them might have been encouraged thereby to continue the agitation which the measures taken by the Deputy Commander had nipped in the bud.

10. During the following week I went through the city several times with the Deputy Commissioner, and daily received visits from the native officials and leading gentry of the place, Mussulman and Hindoo; and all assured me that the feeling of excitement was rapidly dying out.But on the 30th of May it became known to me by certain signs that the remnants of the feeling of antagonism which had been excited by the recent disturbances between the Hindoos and Mahomedans of the city still lingered in the breasts of certain classes of the former.

**to be continued**

........................................................

## God fearing or God loving ?...

Whether it be adhering to the tenets of religion as taught by Him or something as simple as wearing a simple dress. His benevolence and large heartedness was such that each and every effort reinforced a relationship steeped in love and not fear.

The physical self may not be there but His unending love, continues to stir emotions, encourages everyone to be steadfast and build more relationships of love and not fear. Instill in each and everyone His virtue that enables us to be not God fearing people but God loving people. For it is only when we do that, we tread the path the He has shown us, of humility and love, where the possibilities are limitless and happiness knows no bounds, a path that leads us to Him, without fear.

He is our guiding force; our spirit and our heart beat... His Holiness Satguru Jagjit Singh Ji

........................................................

# ਖ਼ਬਰਨਾਮਾ

## ਸ੍ਰੀ ਸਤਿਗੁਰੂ ਜੀ ਦਾ 30 ਮਈ 2025 ਤੋਂ 8 ਜੂਨ 2025 ਤੱਕ ਥਾਈਲੈਂਡ ਦੌਰਾ

ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਵਰੋਸਾਈ ਹੋਈ ਸਾਧ ਸੰਗਤ ਕਾਫੀ ਵੱਡੀ ਗਿਣਤੀ ਵਿਚ ਥਾਈਲੈਂਡ ਦੇਸ਼ ਦੀ ਧਰਤੀ ਤੇ ਵੱਸੇ ਬੈਂਕਾਕ ਸ਼ਹਿਰ ਵਿਖੇ ਨਿਵਾਸ ਰੱਖਦੀ ਹੈ। ਬੈਂਕਾਕ ਸ਼ਹਿਰ ਤੋਂ ਇਲਾਵਾਂ ਚਿੰਗਮਈ ਸ਼ਹਿਰ ਵਿਚ ਵੱਸਦੇ ਨਾਮਧਾਰੀ ਪਰਿਵਾਰ ਕਿਸੇ ਪੱਖੋ ਜਾਣ-ਪਹਿਚਾਣ ਦੇ ਮੁਥਾਜ ਨਹੀਂ ਹਨ। ਇਥੇ ਵੀ ਨਾਮਧਾਰੀ ਧਰਮਸ਼ਾਲਾ ਸਥਾਪਤ ਹੈ। ਜਿਥੇ ਨਾਮਧਾਰੀ ਮਰਿਯਾਦਾਂ ਅਨੁਸਾਰ ਨਾਮ ਸਿਮਰਨ ਅਤੇ ਕਥਾ ਕੀਰਤਨ ਦਾ ਪ੍ਰਵਾਹ ਚੱਲਦਾ ਰਹਿੰਦਾ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਬਾਅਦ ਨਾਮਧਾਰੀ ਸਾਧ ਸੰਗਤ ਨੂੰ ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਥਾਹ ਪਿਆਰ ਬਖਸ਼ਿਆ ਹੈ। ਜਿਸ ਨੂੰ ਯਾਦ ਕਰਕੇ ਅੱਜ ਵੀ ਨਾਮਧਾਰੀ ਸਾਧ ਸੰਗਤ ਦਾ ਗਲ਼ਾ ਭਰ ਆਉਂਦਾ ਹੈ। ਉਸ ਪਿਆਰ ਭਰੀ ਸਾਂਝ ਨੂੰ ਬਰਕਰਾਰ ਰੱਖਦੇ ਹੋਏ ਨਾਮਧਾਰੀ ਪੰਥ ਦੇ ਮੌਜੂਦਾ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸਾਧ ਸੰਗਤ ਦੀ ਅਰਜ ਬੇਨਤੀ ਪ੍ਰਵਾਹ ਕਰਦੇ ਹੋਏ ਬੈਂਕਾਕ ਨਿਵਾਸੀ ਸਾਧ ਸੰਗਤ ਦੇ ਵੱਡਿਆ ਬਜ਼ੁਰਗਾਂ ਨੂੰ ਸਤਿਕਾਰ ਅਤੇ ਬੱਚਿਆਂ ਨੂੰ ਪਿਆਰ ਬਖਸ਼ਦੇ ਹਨ।

ਥਾਈਲੈਂਡ ਦੀਆਂ ਸੰਗਤਾਂ ਦੀ ਅਰਜ ਨੂੰ ਪ੍ਰਵਾਨ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਮਿਤੀ 30 ਮਈ 2025 ਦਿਨ ਸ਼ੁੱਕਰਵਾਰ ਨੂੰ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਦਿੱਲੀ ਵਿਖੇ ਸਥਾਨਕ ਜਥੇ ਦੇ ਨੌਜਵਾਨਾਂ ਨੇ ਰਾਗੀ ਇੰਦਰ ਸਿੰਘ ਤੇ ਇਕਬਾਲ ਸਿੰਘ ਦੀ ਅਗਵਾਈ ਵਿਚ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਲਾਈ। ਵਾਰ ਸਮਾਪਤੀ ਉਪਰੰਤ ਪ੍ਰਸ਼ਾਦ ਪਾਣੀ ਛੱਕਣ ਤੋਂ ਬਾਅਦ ਸ੍ਰੀ ਸਤਿਗੁਰੂ ਉਦੇ ਸਿੰਘ, ਪੂਜਨੀਕ ਮਾਤਾ ਗੁਰਸ਼ਰਨ ਕੌਰ ਜੀ, ਸੇਵਕ ਸਤਨਾਮ ਸਿੰਘ, ਜਥੇ. ਨਿਸ਼ਾਨ ਸਿੰਘ ਦਿੱਲੀ ਅਤੇ ਇਸ ਰੀਪੋਟ ਦੇ ਲੇਖਕ ਸੂਬਾ ਬਲਵਿੰਦਰ ਸਿੰਘ ਝੱਲ ਦਿੱਲੀ ਦੇ ਇੰਟਰਨੈਸ਼ਲ ਏਅਰਪੋਰਟ ਤੋਂ ਥਾਈਏਅਰ ਲਾਈਨ ਦੀ ਫਲਾਇਟ ਨੰ. ਜੀ.ਟੀ. 324 ਰਾਹੀਂ 11 ਵੱਜ ਕੇ 40 ਮਿੰਟ ਤੇ ਥਾਈਲੈਂਡ ਲਈ ਰਵਾਨਾ ਹੋਏ। ਸਥਾਨਕ ਸਮੇਂ ਮੁਤਾਬਿਕ ਲੱਗ-ਭੱਗ ਸ਼ਾਮ 6 ਵਜੇ ਬੈਂਕਾਕ ਦੀ ਸਵਰਨਭੂਮੀ ਏਅਰਪੋਰਟ ਤੇ ਪਹੁੰਚੇ ਤਾਂ ਸ੍ਰੀ ਸਤਿਗੁਰੂ ਜੀ ਦੇ ਸੁਆਗਤ ਲਈ ਨਾਮਧਾਰੀ ਸੰਗਤ ਥਾਈਲੈਂਡ ਦੇ ਪ੍ਰਮੁੱਖ ਆਗੂ ਸੇਠ ਤਰਨ ਸਿੰਘ ਜੀ ਅਤੇ ਬੀਬੀ ਕਮਲਜੀਤ ਕੌਰ ਦੀ ਅਗਵਾਈ ਵਿਚ ਹਾਜਰ ਸਨ। ਹਵਾਈ ਅੱਡੇ ਤੋਂ ਸ੍ਰੀ ਸਤਿਗੁਰੂ ਜੀ ਆਪਣੇ ਡੇਰੇ ਸੇਠ ਮਹਿਤਾਬ ਸਿੰਘ ਪੁੱਤਰ ਗਿਆਨੀ ਸੰਤੋਖ ਸਿੰਘ ਦੇ ਬੰਗਲੇ ਆਣ ਪਹੁੰਚੇ। ਇੱਥੇ ਸੰਗਤ ਕਾਫੀ ਵੱਡੀ ਗਿਣਤੀ ਵਿੱਚ ਸ੍ਰੀ ਸਤਿਗੁਰੂ ਜੀ ਦੇ ਸੁਆਗਤ ਲਈ ਪਹੁੰਚੀ ਹੋਈ ਸੀ। ਸਭਨਾ ਨੇ ਭੇਂਟ ਧਰ ਸ਼ਰਧਾ ਅਤੇ ਸਤਿਕਾਰ ਨਾਲ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਸ੍ਰੀ ਸਤਿਗੁਰੂ ਜੀ ਨੇ ਸਭਨਾ ਵੱਲੋਂ ਦਿੱਤਾ ਆਦਰ, ਪਿਆਰ ਅਤੇ ਸਤਿਕਾਰ ਨਿਮਰਤਾ ਸਹਿਤ ਸਵੀਕਾਰ ਕੀਤਾ ਅਤੇ ਸਭਨਾ ਦਾ ਹਾਲ-ਚਾਲ ਬੜੇ ਪਿਆਰ ਭਰੇ ਸ਼ਬਦਾਂ ਵਿੱਚ ਪੁੱਛਿਆ। ਜਲ-ਪਾਣੀ ਛਕਣ ਉਪਰੰਤ ਸਭਨਾ ਨੇ ਡੇਰੇ ਹੀ ਵਿਸ਼ਰਾਮ ਕੀਤਾ।

**ਮਿਤੀ 31 ਮਈ 2025 ਦਿਨ ਸ਼ਨੀਵਾਰ**- ਅੱਜ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਬਸੰਤ ਸਿੰਘ, ਹਰਨਾਮ ਸਿੰਘ ਤੇ ਸੰਤਾ ਸਿੰਘ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੇਠ ਮਹਿਤਾਬ ਸਿੰਘ ਦੇ ਬੰਗਲੇ ਹੀ ਕੀਤਾ। ਰਾਗੀ ਜਥਾ ਪਹਿਲਾਂ ਹੀ ਪਹੁੰਚਿਆਂ ਹੋਇਆ ਸੀ ਬੈਂਕਾਕ। ਵਾਰ ਸਮਾਪਤੀ ਤੇ ਕੁਝ ਸਮਾਂ ਪਾਰਕ ਵਿੱਚ ਸੈਰ ਕਰਨ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਅਰਜਨ ਸਿੰਘ, ਬਲਦੇਵ ਸਿੰਘ ਪੁੱਤਰ ਸੁਦਰਸ਼ਨ ਸਿੰਘ ਦੇ ਗ੍ਰਹਿ ਵਿਖੇ ਚਰਨ ਪਾਏ। ਸ਼ਾਮ ਦਾ ਪ੍ਰੋਗਰਾਮ ਸੋਏ-ਅਸ਼ੋਕ ਨਾਮਧਾਰੀ ਗੁਰਦੁਆਰੇ ਵਿੱਚ 5 ਵਜੇ ਤੋਂ 7 ਵਜੇ ਤੱਕ ਹੋਇਆ। ਨਾਮ ਸਿਮਰਨ ਦੌਰਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਸਰਵਨ ਕੀਤਾ ਗਿਆ। ਇੱਕ ਘੰਟੇ ਲਈ ਜਥੇ. ਨਿਸ਼ਾਨ ਸਿੰਘ ਦਿੱਲੀ ਨੇ ਦੀਵਾਨ ਸਜਾਇਆ। ਅੱਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਿਨ ਸੀ। ਇਸ ਲਈ ਉਹਨਾਂ ਨੂੰ ਯਾਦ ਕਰਦਿਆਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਇਤਿਹਾਸ ਜਥੇਦਾਰ ਜੀ ਨੇ ਪੇਸ਼ ਕੀਤਾ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਡੇਰੇ ਆਣ ਵਿਸ਼ਰਾਮ ਕੀਤਾ।

**ਮਿਤੀ 1 ਜੂਨ 2025 ਦਿਨ ਐਤਵਾਰ**- ਅੱਜ

ਸਵੇਰੇ ਆਸਾ ਦੀ ਵਾਰ ਦਾ ਕੀਰਤਨ ਪੰਡਿਤ ਅਮੋਨ ਸਿੰਘ ਦੇ ਗ੍ਰਹਿ ਵਿਖੇ ਹੋਇਆ ਜੋ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਰਾਗੀ ਬਲਵੰਤ ਸਿੰਘ ਦੇ ਸਮੁੱਚੇ ਜਥੇ ਵੱਲੋਂ ਕੀਤਾ ਗਿਆ। ਵਾਰ ਸਮਾਪਤੀ ਉਪਰੰਤ ਇਸ ਇਲਾਕੇ ਦੇ ਕੁਝ ਪਰਿਵਾਰ ਵਲੋਂ ਅਰਜ ਬੇਨਤੀ ਕਰਨ ਤੇ ਸ੍ਰੀ ਸਤਿਗੁਰੂ ਜੀ ਨੇ ਕ੍ਰਿਪਾਲ ਸਿੰਘ ਪੁੱਤਰ ਗੁਰਬਖਸ਼ ਸਿੰਘ ਹੰਸ, ਗੁਰਵਿੰਦਰ ਸਿੰਘ ਪੁੱਤਰ ਅਜੀਤ ਸਿੰਘ, ਪਰਮਜੀਤ ਸਿੰਘ ਪੁੱਤਰ ਹਰਭਜਨ ਸਿੰਘ, ਅਮੋਲਕ ਸਿੰਘ ਪੁੱਤਰ ਬਲਵੰਤ ਸਿੰਘ, ਗੰਗਾ ਸਿੰਘ ਪੁੱਤਰ ਜਗਜੀਤ ਸਿੰਘ ਅਜ਼ਾਦ, ਸਤਪਾਲ ਸਿੰਘ ਪੁੱਤਰ ਜਗਤਾਰ ਸਿੰਘ, ਸਤਨਾਮ ਸਿੰਘ ਸੇਠੀ ਪੁੱਤਰ ਸਾਧੂ ਸਿੰਘ ਸੇਠੀ, ਹਰਦੇਵ ਸਿੰਘ ਪੁੱਤਰ ਹਰੀ ਸਿੰਘ, ਭਾਗ ਸਿੰਘ ਪੁੱਤਰ ਭਗਵੰਤ ਸਿੰਘ, ਅਮਰ ਸਿੰਘ ਚਾਵਲਾ ਪੁੱਤਰ ਜੈ ਸਿੰਘ ਚਾਵਲਾ ਦੇ ਘਰ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ ਅਤੇ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੁਕਮ ਯਾਦ ਕਰਵਾਉਂਦੇ ਹੋਏ ਸਭਨਾਂ ਨੂੰ ਗੁਰਸਿੱਖੀ ਨਾਲ ਜੁੜਨ ਦਾ ਹੁਕਮ ਕੀਤਾ। ਕੁਝ ਸਮਾਂ ਡੇਰੇ ਆਣ ਵਿਸ਼ਰਾਮ ਕਰਨ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਬਚਿੱਤਰ ਸਿੰਘ, ਕ੍ਰਿਪਾਲ ਸਿੰਘ, ਲਖਵਿੰਦਰ ਸਿੰਘ, ਸੁਖਦੇਵ ਸਿੰਘ ਪੁੱਤਰ ਸੇਠ ਮੋਹਰ ਸਿੰਘ ਦੇ ਪਰਿਵਾਰ ਨੂੰ ਦਰਸ਼ਨ ਦੇਣ ਤੋਂ ਬਾਅਦ ਸੇਠ ਸੁਰਅੰਮ੍ਰਿਤ ਸਿੰਘ ਪੁੱਤਰ ਸੇਠ ਗੁਰਮੁਖ ਸਿੰਘ ਦੇ ਪਰਿਵਾਰਾਂ ਨੂੰ ਦਰਸ਼ਨ ਦੇਣ ਲਈ ਘਰ ਚਰਨ ਪਾਉਣ ਦੀ ਕ੍ਰਿਪਾ ਕੀਤੀ। ਸ੍ਰੀ ਸਤਿਗੁਰੂ ਜੀ ਨੇ ਇਥੇ ਹੀ ਸ਼ਾਮ ਦੇ ਪ੍ਰੋਗਰਾਮ ਵਿਚ ਨਾਮਧਾਰੀ ਗੁਰਦੁਆਰਾ ਸੋਏ ਅਸ਼ੋਕ ਵਿਖੇ ਦਰਸ਼ਨ ਦਿੱਤੇ ਅਤੇ ਨਾਮ ਸਿਮਰਨ ਦੀ ਅਰਦਾਸ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਹੋਈ। ਨਾਮ ਸਿਮਰਨ ਉਪਰੰਤ ਸ਼ਾਮ ਦਾ ਕੀਰਤਨ ਹਜ਼ੂਰੀ ਰਾਗੀ ਜਥੇ ਵਲੋਂ ਰਾਗੀ ਬਲਵੰਤ ਸਿੰਘ ਅਗਵਾਈ ਵਿਚ ਕੀਤਾ ਗਿਆ। ਅੱਜ ਦਾ ਦਿਨ ਨਾਮਧਾਰੀ ਇਤਿਹਾਸ ਦਾ ਤਾਰੀਕੀ ਦਿਨ ਸੀ ਕਿਉਂਕਿ ਅੱਜ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 1 ਜੂਨ 1863 ਈ. ਬੀਬੀਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਮਰਦ ਪ੍ਰਧਾਨ ਸਮਾਜ ਵਿਚ ਬਰਾਬਰਤਾ ਦਿੱਤੀ ਸੀ ਇਸ ਕਰਕੇ ਰਾਗੀਆਂ ਨੇ ਸ਼ਬਦ ਪੜ੍ਹਿਆ ਗੁਰੂ ਅਮਰਦਾਸ ਜੀ ਦਾ "ਸੁ ਅੰਮ੍ਰਿਤ ਗੁਰ ਤੇ ਪਾਇਆ" ਕੀਰਤਨ ਅਤੇ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਰਾਤ ਡੇਰੇ ਆਣ ਵਿਸ਼ਰਾਮ ਕੀਤਾ।

**ਮਿਤੀ 2 ਜੂਨ 2025 ਦਿਨ ਸੋਮਵਾਰ–** ਅੱਜ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਜਥੇ ਵੱਲੋਂ ਸੇਠ ਮਹਿਤਾਬ ਸਿੰਘ ਦੇ ਬੰਗਲੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕੀਤਾ ਗਿਆ। ਵਾਰ 25 ਤੋਂ 30 ਦੇ ਕਰੀਬ ਸਰੀਰ ਏਅਰ ਏਸ਼ੀਆ ਦੀ ਫਲਾਇਟ ਨੰ. ਐਫ.ਡੀ. 323 ਰਾਹੀਂ ਸੈਰ ਲਈ ਦੂਸਰੇ ਸ਼ਹਿਰ ਏਅਰ ਪੋਰਟ ਤੇ ਉੱਤਰੇ ਪ੍ਰਬੰਧਕਾਂ ਵੱਲੋਂ ਕੀਤੇ ਇੰਤਜਾਮ ਦੇ ਮੁਤਾਬਿਕ ਵੈਨਾਂ ਵਿੱਚ ਸਵਾਰ ਹੋ ਕੇ Khao Sok National Park ਪਹੁੰਚੇ ਇੱਕ ਵੱਡ ਅਕਾਰੀ ਡੈਮ ਤੇ ਕਿਸਤੀ ਵਿੱਚ ਸਵਾਰ ਜੋ ਕੇ ਸ੍ਰੀ ਸਤਿਗੁਰੂ ਜੀ ਦੇ ਸਾਥ ਦਾ ਭਰਭੂਰ ਅਨੰਦ ਮਾਣਿਆ। ਸ਼ਾਮ ਵਾਪਸੀ ਸਮੇਂ ਨਾਮਧਾਰੀ ਗੁਰਦੁਆਰਾ ਸੋਏ ਅਸ਼ੋਕ ਵਿਖੇ ਪ੍ਰੋਗਰਾਮ ਵਿਚ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਜਿਥੇ ਬੈਂਕਾਕ ਨਿਵਾਸੀ ਬੱਚਿਆਂ ਦਾ ਪ੍ਰੋਗਰਾਮ ਸੀ। ਮਾਂ ਬੋਲੀ ਪੰਜਾਬੀ ਦਿਵਸ ਤੇ ਕਾਕਾ ਗੁਰਦੇਵ ਸਿੰਘ, ਬੱਚੀ ਬਲਵਿੰਦਰ ਕੌਰ, ਸਰਬਜੀਤ ਕੌਰ ਤੇ ਚਰਨਜੀਤ ਕੌਰ ਨੇ ਪੰਜਾਬੀ ਵਿਚ ਕਵਿਤਾ ਪੜ੍ਹੀ, ਗੁਰਫਤਿਹ ਸਿੰਘ ਨੇ ਪੰਜਾਬੀ ਵਿੱਚ ਲੈਕਚਰ ਕੀਤਾ। ਛੋਟੇ ਬੱਚਿਆਂ ਨੇ ਤੁਮ ਹੋ ਸਭ ਰਾਜਨ ਕੇ ਰਾਜਾ ਗੁਰਬਾਣੀ ਦਾ ਸ਼ਬਦ ਗਾਇਨ ਕੀਤਾ। ਇਸ ਸਭ ਬੱਚੇ ਮਾਡਰਨ ਇੰਟਰਨੈਸ਼ਨਲ ਸਕੂਲ ਦੇ ਬੱਚੇ ਸਨ। ਬੱਚੀ ਭਗਵਾਨ ਕੌਰ ਨੇ ਹਉ ਕੁਰਬਾਨੇ ਜਾਉ ਤਿਨ ਕੈ ਲੈਣ ਜੋ ਤੇਰਾ ਨਾਓ, ਗੁਰਬਾਣੀ ਦਾ ਸ਼ਬਦ ਗਾਇਨ ਕੀਤਾ। ਕਾਕਾ ਰਮਨੀਕ ਸਿੰਘ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਬਦ ਸਭ ਦੇਖੀਐ ਅਨਭੈ ਕਾ ਦਾਤਾ ਗਾਇਨ ਕੀਤਾ ਕਾਕਾ ਸੰਤਾ ਸਿੰਘ ਨੇ 'ਠਾਕੁਰ ਤੁਮ ਸਰਨਾਈ ਆਇਆ' ਬੱਚੀਆਂ ਹਰ ਕੌਰ, ਰਾਜ ਕੌਰ, ਗਿਆਨ ਕੌਰ, ਦਿਆਲ ਕੌਰ ਤੇ ਭਗਵਾਨ ਕੌਰ ਨੇ ਪੰਜਵੇ ਪਾਤਸ਼ਾਹ ਦਾ ਸ਼ਬਦ 'ਪ੍ਰਭ ਜੀਉ ਖਸਮਾਨਾ ਕਰਿ ਪਿਆਰੇ' ਗਾਇਨ ਕੀਤਾ। ਬੱਚਿਆਂ ਸਮੇਤ ਬੱਚਿਆਂ ਦੇ ਅਧਿਆਪਕ ਅਤੇ ਉਸਤਾਦਾਂ ਨੂੰ ਸ੍ਰੀ ਸਤਿਗੁਰੂ ਜੀ ਨੇ ਆਪਨੇ ਕਰ-ਕਮਲਾਂ ਦੁਆਰਾ ਸਨਮਾਨ ਦਿੱਤਾ ਗਿਆ ਅਤੇ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦਿੱਤਾ।

**ਮਿਤੀ 3 ਜੂਨ 2025 ਦਿਨ ਮੰਗਲਵਾਰ–** ਅੱਜ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੇ ਡੇਰੇ ਹੀ ਹਜ਼ੂਰੀ ਰਾਗੀ ਜੱਥੇ ਵੱਲੋਂ ਕੀਤਾ ਗਿਆ। ਵਾਰ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਅੱਜ ਦੇ ਇਤਿਹਾਸਿਕ ਦਿਨ ਤੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ ਅਤੇ ਹੁਕਮ ਕੀਤਾ ਕਿ ਅੱਜ ਦੇ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ 3 ਜੂਨ 1863 ਈ. ਨੂੰ ਗੁਰ ਮਰਿਯਾਦਾ ਅਨੁਸਾਰ ਅਨੰਦ ਕਾਰਜ ਦੀ ਮਰਿਯਾਦਾ ਪੰਜਾਬ ਦੇ ਪਿੰਡ ਖੋਟੇ ਜ਼ਿਲ੍ਹਾ ਉਸ ਵੇਲੇ ਫਿਰੋਜਪੁਰ ਅਤੇ ਹੁਣ ਜ਼ਿਲ੍ਹਾ ਮੋਗਾ ਤੇ ਸ਼ੁਰੂ ਕੀਤੀ ਸੀ ਜੋ ਅੱਜ ਤੱਕ ਨਿਰੰਤਰ ਜਾਰੀ ਹੈ। ਇਹ ਪਰਉਪਕਾਰ ਸ੍ਰੀ ਸਤਿਗੁਰੂ ਰਾਮ

ਸਿੰਘ ਜੀ ਨੇ ਕੀਤਾ ਸਮੁੱਚੇ ਸਿੱਖ ਜਗਤ ਤੇ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਅੱਜ ਪ੍ਰਬੰਧਕ ਵਰਗ ਵੱਲੋਂ ਬੈਂਕਾਕ ਸ਼ਹਿਰ ਤੋਂ ਟੂਰ ਟਰੇਨ ਤੇ ਸਵਾਰ ਹੋ ਕੇ ਘੁੰਮਣ ਜਾਣ ਦਾ ਸੀ ਤਕਰੀਬਨ 200 ਦੇ ਕਰੀਬ ਸਰੀਰ ਸਮੇਤ ਬੱਚਿਆਂ ਚਾਰ ਘੰਟੇ ਦਾ ਸਫਰ ਤਹਿ ਕਰਕੇ ਘੁੰਮਣ-ਫਿਰਨ ਲਈ ਗਏ। ਸ੍ਰੀ ਸਤਿਗੁਰੂ ਜੀ ਦੇ ਸਾਥ ਬੱਚਿਆਂ ਨੇ ਇਸ ਦਾ ਭਰਪੂਰ ਅਨੰਦ ਮਾਣਿਆ। ਇੰਨਾ ਹੀ ਸਫਰ ਕਰਕੇ ਦੇਰ ਰਾਤ ਤੱਕ ਵਾਪਸ ਆਪਣੇ ਡੇਰੇ ਵਿਸ਼ਰਾਮ ਕੀਤਾ।

**ਮਿਤੀ 4 ਜੂਨ 2025 ਦਿਨ ਬੁੱਧਵਾਰ–** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੇ ਡੇਰੇ ਹੀ ਹਜ਼ੂਰੀ ਰਾਗੀ ਜਥੇ ਵੱਲੋਂ ਕੀਤਾ ਗਿਆ। ਵਾਰ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਹਰਜੀਤ ਸਿੰਘ ਨਰੂਲਾ ਪੁੱਤਰ ਸਾਧੂ ਸਿੰਘ ਨਰੂਲਾ, ਜਗਜੀਤ ਸਿੰਘ, ਗੁਰਦੀਪ ਸਿੰਘ ਚਾਵਲਾ ਪੁੱਤਰ ਬੀਰ ਬਹਾਦਰ ਸਿੰਘ, ਹਜ਼ੂਰ ਸਿੰਘ ਗੰਭੀਰ, ਸੰਤੋਖ ਸਿੰਘ ਪੁੱਤਰ ਸਾਧੂ ਸਿੰਘ, ਬੀਬੀ ਜਸਮੀਤ ਕੌਰ ਦੇ ਸਪੁੱਤਰ ਸ. ਬਲਬੀਰ ਸਿੰਘ ਸਚਦੇਵ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਬੀਬੀ ਜਸਮੀਤ ਕੌਰ ਨੂੰ ਆਪਣੀ ਭੈਣੀ ਸਾਹਿਬ ਆਉਣ ਦੀ ਇੱਛਾ ਸ੍ਰੀ ਸਤਿਗੁਰੂ ਜੀ ਕੋਲ ਜਾਹਰ ਕੀਤੀ। ਸ੍ਰੀ ਸਤਿਗੁਰੂ ਜੀ ਨੇ ਸ਼ਾਮ ਦੇ ਪ੍ਰੋਗਰਾਮ ਵਿੱਚ ਨਾਮਧਾਰੀ ਗੁਰਦੁਆਰੇ ਸੋਏ ਅਸ਼ੋਕ ਵਿਖੇ ਦਰਸ਼ਨ ਦਿੱਤੇ 6 ਤੋਂ 7 ਨਾਮ ਸਿਮਰਨ ਸਮੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪਵਿੱਤਰ ਉਪਦੇਸ਼ ਸਰਵਨ ਕੀਤਾ ਗਿਆ। 7 ਤੋਂ 8 ਵਜੇ ਤੱਕ ਜਥੇ. ਨਿਸ਼ਾਨ ਸਿੰਘ ਦਿੱਲੀ ਨੇ ਦੀਵਾਨ ਸਜਾਇਆ, ਧਾਰਨਾ ਸੀ ਪੂਰਾ ਪ੍ਰਭ ਅਰਾਧਿਆ ਪੂਰਾ ਜਾ ਕਾ ਨਾਉ ਸ. ਹਰਮਿੰਦਰ ਸਿੰਘ ਸੇਠੀ ਰਾਧਾ ਸਵਾਮੀ ਜੀ ਨੇ ਕਵਿਤਾ ਪੜ੍ਹੀ। ਮਹਿਲ ਸਿੰਘ ਪੁੱਤਰ ਸੇਠ ਮਹਿਤਾਬ ਸਿੰਘ ਨੇ ਦੀਵਾਨ ਦੀ ਸਮਾਪਤੀ ਉਪਰੰਤ ਸਥਾਨਕ ਥਾਈ ਭਾਸ਼ਾ ਵਿੱਚ ਤਰਜਮਾ ਕਰ ਕੇ ਸੰਗਤ ਵਿਚ ਸੁਣਾਇਆ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਡੇਰੇ ਆਣ ਵਿਸ਼ਰਾਮ ਕੀਤਾ।

**ਮਿਤੀ 5 ਜੂਨ 2025 ਦਿਨ ਵੀਰਵਾਰ–** ਅੱਜ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਜਥੇ ਵਲੋਂ ਨਾਮਧਾਰੀ ਗੁਰਦੁਆਰੇ ਸੋਏ ਅਸ਼ੋਕ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਕੀਤਾ ਗਿਆ। ਸ਼ਬਦ ਪੜ੍ਹਿਆ ਗਿਆ। ਵਾਰ ਸਮਾਪਤੀ ਉਪਰੰਤ ਸ. ਗੁਰਨਾਮ ਸਿੰਘ ਪੁੱਤਰ ਗੁਰਦੇਵ ਸਿੰਘ ਦੇ ਪਲਾਟ ਤੇ ਚਰਨ ਪਾਉਣ ਬਾਅਦ ਸ. ਸਰਨਪਾਲ ਸਿੰਘ ਗੋਰੇਵਾਲਾ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਬੈਡਮਿੰਟਨ ਖੇਡ ਦੇ ਬੱਚਿਆਂ ਨੂੰ ਵੀ ਦਰਸ਼ਨ ਦੇਣ ਗਏ। ਅੱਜ ਸ਼ਾਮ ਸ੍ਰੀ ਸਤਿਗੁਰੂ ਜੀ ਦੇ ਡੇਰੇ ਸੰਗੀਤ ਦੀ ਬੈਠਕ ਹੋਈ ਜਿਸ ਵਿੱਚ ਬਸੰਤ ਸਿੰਘ, ਬ੍ਰਹਮ ਕੌਰ ਤੇ ਹਰਨਾਮ ਸਿੰਘ ਸਮੇਤ ਬੱਚਿਆਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਹਜ਼ੂਰੀ ਰਾਗੀ



ਬਲਵੰਤ ਸਿੰਘ ਵਜੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਬਣਾਈਆ ਬੰਦਸਾਂ ਦਾ ਗਾਇਨ ਕੀਤਾ ਗਿਆ। ਸੰਗੀਤ ਬੈਠਕ ਵਿੱਚ ਸਰੋਤਿਆ ਦੀ ਵੱਡੀ ਹਾਜ਼ਰੀ ਸੀ। ਸਭਨਾ ਨੇ ਇਸ ਸੰਗੀਤ ਬੈਠਕ ਦਾ ਭਰਭੂਰ ਅਨੰਦ ਮਾਣਿਆ। ਡੇਰੇ ਹੀ ਰਾਤ ਵਿਸ਼ਰਾਮ ਕੀਤਾ।

**ਮਿਤੀ 6 ਜੂਨ 2025 ਦਿਨ ਸ਼ੁੱਕਰਵਾਰ–** ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੇ ਡੇਰੇ ਹਜ਼ੂਰੀ ਰਾਗੀ ਜਥੇ ਵੱਲੋਂ ਹੋਇਆ। ਅੱਜ ਸ੍ਰੀ ਸਤਿਗੁਰੂ ਜੀ ਥਾਈਲੈਂਡ ਦੇ ਸ਼ਹਿਰ ਚਿੰਗਮਈ ਦੀ ਸਾਧ ਸੰਗਤ ਨੂੰ ਦਰਸ਼ਨ ਦੇਣ ਦਾ ਪ੍ਰੋਗਰਾਮ ਸੀ। ਜੋ ਪ੍ਰਬੰਧਕਾਂ ਵਲੋਂ ਉਲੀਕਿਆ ਗਿਆ ਸੀ ਪ੍ਰਸ਼ਾਦ ਪਾਣੀ ਛਕਣ ਉਪਰੰਤ ਬੀਬੀ ਕਵਲਜੀਤ ਦੀ ਅਗਵਾਈ ਵਿੱਚ ਸਮੇਤ ਰਾਗੀ ਜਥੇ ਏਅਰ ਪੋਰਟ ਤੋਂ ਹਵਾਈ ਸਫਰ ਰਾਹੀ ਚਿੰਗਮਈ ਸ਼ਹਿਰ ਪਹੁੰਚੇ ਇਕ ਝਰਨੇ ਦੇ ਵਗਦੇ ਹੋਏ ਪਾਣੀ ਦੇ ਨਾਲ-ਨਾਲ ਸ੍ਰੀ ਸਤਿਗੁਰੂ ਜੀ ਅਤੇ ਹੋਰ ਕੁਝ ਸਿੰਘਾਂ ਨੇ ਸੈਰ ਕੀਤੀ। ਉਪਰੰਤ ਸ. ਗੁਰਸ਼ਰਨਪਾਲ ਸਿੰਘ ਚਾਵਲਾ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਸ. ਹਰਜੀਤ ਸਿੰਘ ਖਣੀਜੇ ਦੇ ਗ੍ਰਹਿ ਸ੍ਰੀ ਸਤਿਗੁਰੂ ਜੀ ਦਾ ਡੇਰਾ ਕੀਤਾ ਗਿਆ। ਅੱਜ ਸ਼ਾਮ ਦਾ ਪ੍ਰੋਗਰਾਮ ਨਾਮਧਾਰੀ ਗੁਰਦੁਆਰੇ ਚਿੰਗਮਈ ਵਿਖੇ ਹੋਇਆ 6 ਤੋਂ 7 ਨਾਮ ਸਿਮਰਨ ਹੋਇਆ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ 10 ਪਾਠਾਂ ਦੇ ਭੋਗ ਸ. ਹਰਜੀਤ ਸਿੰਘ ਦੇ ਪਰਿਵਾਰਾਂ ਵੱਲ ਪਾਏ ਗਏ। ਸ਼ਾਮ ਦਾ ਕੀਰਤਨ ਸਮੇਂ ਹਜ਼ੂਰੀ ਵਿੱਚ ਬੱਚਿਆਂ ਵਲੋਂ ਪੜਿਆ ਸ਼ਬਦ ਸੀ ਸਾਂਤ ਪਾਈ ਗੁਰ ਸਤਿਗੁਰੂ ਪੂਰੇ ਅਤੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਜਥੇ. ਨਿਸ਼ਾਨ ਸਿੰਘ ਦਿੱਲੀ

ਨੇ ਨਿਮਾਣੀ ਇਕਾਦਸ਼ੀ ਦੇ ਦਿਨ ਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਯਾਦ ਵਿਚ ਕਥਾ ਕੀਤੀ ਗਈ। ਸ. ਨਿਰਮਲ ਸਿੰਘ ਨੇ ਕਥਾ ਦਾ ਤਰਜਮਾ ਥਾਈ ਭਾਸ਼ਾ ਵਿਚ ਕੀਤਾ। ਸ਼ਾਮ ਦਾ ਕੀਰਤਨ ਰਾਗੀ ਬਲਵੰਤ ਸਿੰਘ ਦੇ ਜਥੇ ਵੱਲੋਂ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਪੜ੍ਹਿਆ ਗਿਆ ਸ਼ਬਦ ਸੀ। ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕਰਦੇ ਹੋਏ ਸ਼ਬਦ ਪੜ੍ਹਣ ਵਾਲੇ ਬੱਚਿਆਂ ਨੂੰ ਅਸ਼ੀਰਵਾਦ ਦਿੱਤਾ। ਡੇਰੇ ਆਣ ਵਿਸ਼ਰਾਮ ਕੀਤਾ।

**ਮਿਤੀ 7 ਜੂਨ 2025 ਦਿਨ ਸ਼ਨੀਵਾਰ–** ਆਸਾ ਦੀ ਵਾਰ ਕੀਰਤਨ ਹਜ਼ੂਰੀ ਰਾਗੀ ਜਥੇ ਵਲੋਂ ਸ੍ਰੀ ਸਤਿਗੁਰੂ ਜੀ ਦੇ ਜ਼ਰੂਰ ਨਾਮਧਾਰੀ ਗੁਰਦੁਆਰਾ ਚਿੰਗਮਈ ਵਿਖੇ ਕੀਤਾ ਗਿਆ। ਗੁਰਦੁਆਰੇ ਦੇ ਮਹੰਤ ਸੰਤ ਕਰਤਾਰ ਸਿੰਘ ਬਟਾਲਾ ਨੇ ਤਨ-ਮਨ ਨਾਲ ਸੇਵਾ ਕੀਤੀ। ਵਾਰ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਚਿੰਗਮਈ ਸ਼ਹਿਰ ਦੀ ਸਬਜੀਮੰਡੀ ਦਾ ਦੌਰਾ ਕੀਤਾ। ਸ੍ਰੀ ਸਤਿਗੁਰੂ ਜੀ ਨੇ ਸ. ਮਨਿੰਦਰ ਸਿੰਘ ਗੁਲਾਟੀ ਪੁੱਤਰ ਸ. ਜੋਗਿੰਦਰ ਸਿੰਘ ਗੁਲਾਟੀ ਦੇ ਘਰੇ ਅਤੇ ਫਰਨੀਚਰ ਸੋ ਰੂਮ ਤੇ ਚਰਨ ਪਾਉਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਦਾ ਡੇਰਾ ਬਲਜੀਤ ਸਿੰਘ ਪੁੱਤਰ ਸ. ਹਰਜੀਤ ਸਿੰਘ ਖਣੀਜੋ ਦੇ ਗ੍ਰਹਿ ਵਿਖੇ ਸੀ। ਸ. ਮਨਮੋਹਨ ਸਿੰਘ ਚਾਵਲਾ ਪੁੱਤਰ ਰਤਨ ਸਿੰਘ ਚਾਵਲਾ, ਸ. ਅਰਵਿੰਦਰ ਸਿੰਘ ਪੁੱਤਰ ਸ. ਹਰਭਜਨ ਸਿੰਘ ਕੋਮਲ ਦੇ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਏਥੋ ਹੀ ਸ੍ਰੀ ਸਤਿਗੁਰੂ ਜੀ ਨੇ ਆਪ ਨੇ ਜਥੇ ਸਮੇਤ ਚਿੰਗਮਈ ਤੋਂ ਵਾਪਸੀ ਕੀਤੀ ਅਤੇ ਹਵਾਈ ਸਫਰ ਰਾਹੀ ਬੈਂਕਾਕ ਹਵਾਈ ਅੱਡੇ ਤੇ ਪਹੁੰਚੇ। ਹਵਾਈ ਅੱਡੇ ਤੋਂ ਬੈਂਕਾਕ ਸ. ਮਹਿੰਦਰ ਸਿੰਘ ਪ੍ਰੀਤ ਦੇ ਗ੍ਰਹਿ ਵਿਖੇ ਪਹੁੰਚੇ ਤਾਂ ਸੰਤ ਜਗਤਾਰ ਸਿੰਘ ਪਨਿਹਾਰੀ ਆਪਨੇ ਪਰਿਵਾਰ ਸਮੇਤ ਬੀਬੀ ਸਾਹਿਬ ਕੌਰ ਜੀ, ਜੈ ਸਿੰਘ ਅਤੇ ਬੀਬੀ ਪ੍ਰੀਤਮ ਕੌਰ, ਬੀਬੀ ਜੈ ਕੌਰ ਤੇ ਬੱਚੀ ਮਾਨ ਕੌਰ ਸਮੇਤ ਇਥੇ ਪਹੁੰਚੇ ਹੋਏ ਸਨ। ਸਭਨਾ ਨੇ ਸ੍ਰੀ ਸਤਿਗੁਰੂ ਜੀ ਦੇ ਨਾਲ ਜਲ-ਪਾਣੀ ਮਹਿੰਦਰ ਸਿੰਘ ਪ੍ਰੀਤ ਦੇ ਗ੍ਰਹਿ ਵਿਖੇ ਛਕਿਆ। ਅੱਜ ਸ਼ਾਮ ਦਾ ਪ੍ਰੋਗਰਾਮ ਨਾਮਧਾਰੀ ਗੁਰਦੁਆਰਾ ਸੋਏ ਅਸ਼ੋਕ ਬੈਂਕਾਕ ਵਿਖੇ ਹੋਇਆ। ਅੱਜ ਬੈਂਕਾਕ ਵਿਖੇ ਨਿਮਾਣੀ ਇਕਾਦਸ਼ੀ ਦਾ ਮੇਲਾ ਸੇਠ ਤ੍ਰਿਲੋਕ ਸਿੰਘ ਚਾਵਲਾ ਅਤੇ ਸੇਠ ਸੁਰਅੰਮ੍ਰਿਤ ਸਿੰਘ ਚਾਵਲਾ ਦੇ ਪਰਿਵਾਰ ਵਲੋਂ ਮਨਾਇਆ ਗਿਆ। 5 ਤੋਂ 6 ਨਾਮ ਸਿਮਰਨ ਹੋਇਆ ਅਤੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਇਨ੍ਹਾਂ ਪਰਿਵਾਰਾਂ ਵਲੋਂ 49 ਪਾਠਾਂ ਦੇ ਭੋਗ ਪਾਏ ਗਏ। ਸ਼ਾਮ ਦਾ ਕੀਰਤਨ ਹਜ਼ੂਰੀ ਰਾਗੀ ਜਥੇ ਵਲੋਂ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਡੇਰੇ ਆਣ ਵਿਸ਼ਰਾਮ ਕੀਤਾ।

**ਮਿਤੀ 8 ਜੂਨ 2025 ਦਿਨ ਐਤਵਾਰ–** ਅੱਜ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਰਾਗੀ ਜਥੇ ਵਲੋਂ ਕੀਤਾ ਗਿਆ। ਅੱਜ ਦਾ ਦਿਨ ਗੁਰਦੁਆਰੇ ਸੋਏ ਅਸ਼ੋਕ ਵਿਖੇ ਸਮਾਪਤੀ ਦਾ ਪ੍ਰੋਗਰਾਮ ਆਸਾ ਦੀ ਵਾਰ ਦੇ ਕੀਰਤਨ ਦੇ ਰੂਪ ਵਿਚ ਹੋਇਆ। ਵਿਦਾਇਗੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਆਪਣੇ ਕਰ-ਕਮਲਾਂ ਦੁਆਰਾ ਸਾਧ ਸੰਗਤ ਨੂੰ ਲੱਡੂਆਂ ਦਾ ਪ੍ਰਸ਼ਾਦ ਵਰਤਾਉਣ ਦੀ ਕਿਰਪਾ ਕੀਤੀ। ਅੱਜ ਸ੍ਰੀ ਸਤਿਗੁਰੂ ਜੀ ਦਾ ਦੇਸ ਵਾਪਸੀ ਦਾ ਪ੍ਰੋਗਰਾਮ ਸੀ ਡੇਰੇ ਆਣ ਵਿਸ਼ਰਾਮ ਕੀਤਾ। ਥਾਈਲੈਂਡ ਦੀ ਸਾਧ ਸੰਗਤ ਤੋਂ ਵਿਦਾਇਗੀ ਲੈ ਕੇ ਸਾਧ ਸੰਗਤ ਨੂੰ ਬੇਅੰਤ ਖੁਸ਼ੀਆਂ ਬਖਸ਼ੀਆਂ ਜਿਨ੍ਹਾਂ ਨੇ ਤਨ, ਮਨ ਅਤੇ ਧਨ ਕਰਕੇ ਸੇਵਾ ਵਿੱਚ ਆਪਣਾ ਯੋਗਦਾਨ ਪਾਇਆ ਹੈ। ਸ੍ਰੀ ਸਤਿਗੁਰੂ ਜੀ ਸਮੇਤ ਮਾਤਾ ਗੁਰਸ਼ਰਨ ਕੌਰ ਜੀ ਦੌਰੇ ਦੀ ਸਮਾਪਤੀ ਕਰਦੇ ਹੋਏ ਅਤੇ ਸਾਧ ਸੰਗਤ ਅਸ਼ੀਰਵਾਦ ਦੇ ਰੂਪ ਵਿੱਚ ਬੇਅੰਤ ਖੁਸ਼ੀਆਂ ਬਖ਼ਸ਼ਦੇ ਹੋਏ ਦੌਰੇ ਦੀ ਸਮਾਪਤੀ ਕਰਦੇ ਹੋਏ ਥਾਈਲੈਂਡ ਦੀ ਸਵਰਨਭੂਮੀ ਏਅਰਪੋਰਟ ਤੋਂ ਹਵਾਈ ਸਫ਼ਰ ਰਾਹੀ ਦਿੱਲੀ ਹਵਾਈ ਅੱਡੇ ਤੇ ਆਣ ਪਹੁੰਚੇ।

**ਸੂਬਾ ਬਲਵਿੰਦਰ ਸਿੰਘ ਝੱਲ**

## ਪਾਠ ਬੋਧ ਸਮਾਗਮ 2025

ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਸਦਕਾ ਨਾਮਧਾਰੀ ਪੰਥ ਦੇ ਮਹਾਨ ਵਿੱਦਵਾਨ ਸ੍ਰੀ ਮਾਨ ਸੰਤ ਨਿਸ਼ਾਨ ਸਿੰਘ ਜੀ ਦੀ ਅਗਵਾਈ ਹੇਠ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਬੋਧ ਸਮਾਗਮ ਕਰਵਾਇਆ ਗਿਆ। ਇਹ ਸਮਾਗਮ 2 ਜੂਨ 2025 ਨੂੰ ਅਰੰਭ ਹੋਇਆ ਅਤੇ 28 ਜੂਨ 2025 ਇਸਦਾ ਸਮਾਪਨ ਹੋਇਆ। ਪਾਠ ਬੋਧ ਸਮਾਗਮ ਵਿੱਚ ਸ੍ਰੀ ਭੈਣੀ ਸਾਹਿਬ, ਮੁਠੱਡਾ ਕਲਾਂ, ਲੁਧਿਆਣਾ ਅਤੇ ਹੋਰ ਵੀ ਵੱਖ ਵੱਖ ਇਲਾਕਿਆਂ ਤੋਂ ਆ ਕੇ ਸਾਧਸੰਗਤ ਨੇ ਹਿੱਸਾ ਲਿਆ। ਰੋਜਾਨਾ ਲੜਕੇ, ਲੜਕੀਆਂ, ਮਾਈਆਂ, ਬੀਬੀਆਂ ਅਤੇ ਭਾਈ, ਬਜ਼ੁਰਗਾਂ ਨੂੰ ਮਿਲਾਕੇ ਤਕਰੀਬਨ 100 ਦੇ ਕਰੀਬ

ਸਿਖਿਆਰਥੀਆਂ ਨੇ ਇਸ ਪਾਠ ਬੋਧ ਸਮਾਗਮ ਵਿੱਚ ਹਿੱਸਾ ਲਿਆ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਇਹ ਪਾਠ ਬੋਧ ਸਮਾਗਮ ਬੱਚਿਆਂ ਅਤੇ ਹੋਰ ਸਾਧਸੰਗਤ ਦਾ ਪਾਠ ਸ਼ੁੱਧ ਕਰਵਾਉਣ ਲਈ ਕਰਵਾਇਆ। ਸਤਿਗੁਰੂ ਜੀ ਦਾ ਮੰਨਣਾ ਹੈ ਕਿ ਜੇ ਅਸੀਂ ਪਾਠ ਨੂੰ ਸ਼ੁੱਧ ਪੜ੍ਹਾਂਗੇ ਤਾਂ ਸਾਨੂੰ ਗੁਰਬਾਣੀ ਸੌਖੀ ਸਮਝ ਆ ਜਾਵੇਗੀ।

ਸਤਿਗੁਰੂ ਜੀ ਆਪ ਵੀ ਆਪਣੇ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਇਸ ਪਾਠ ਬੋਧ ਸਮਾਗਮ ਵਿੱਚ ਦਰਸਨ ਦੇਂਦੇ ਰਹਿੰਦੇ ਸਨ ਅਤੇ ਆਪਣੇ ਉਪਦੇਸ ਰਾਹੀਂ ਨੇੜੇ ਦੀ ਸਾਧਸੰਗਤ ਨੂੰ ਵਧ ਚੜ ਕੇ ਇਸ ਪਾਠ ਬੋਧ ਸਮਾਗਮ ਵਿੱਚ ਆਉਣ ਲਈ ਵੀ ਹੁਕਮ ਕੀਤਾ। ਲੁਧਿਆਣੇ ਤੋਂ ਆਉਣ ਵਾਲੇ ਬੱਚਿਆਂ ਅਤੇ ਹੋਰ ਸਾਧਸੰਗਤ ਲਈ ਬੱਸ ਦਾ ਪ੍ਰਬੰਧ ਕੀਤਾ ਗਿਆ ਸੀ। ਸੂਬਾ ਹਰਜੀਤ ਸਿੰਘ ਜੀ ਮੁਠੱਡਿਆਂ ਤੋਂ ਬਹੁਤ ਸਾਰੇ ਬੱਚਿਆਂ ਨੂੰ ਪਾਠ ਬੋਧ ਸਮਾਗਮ ਵਿੱਚ ਲੈ ਕੇ ਆਉਂਦੇ ਰਹੇ।

ਪਾਠ ਬੋਧ ਸਮਾਗਮ ਦੀ ਕਲਾਸ ਰੋਜਾਨਾ 9 ਵਜੇ ਅਰੰਭ ਹੁੰਦੀ ਸੀ। 9 ਤੋਂ 11 ਵਜੇ ਵਾਲੀ ਕਲਾਸ ਵਿੱਚ ਬੱਚਿਆਂ ਅਤੇ ਸਾਧਸੰਗਤ ਤੋਂ ਪਾਠ ਸੁਣਿਆ ਜਾਂਦਾ ਸੀ। ਜਿਸ ਵਿੱਚ ਰਾਗੀ ਸ਼ਾਮ ਸਿੰਘ, ਕਵੀਸ਼ਰ ਗੁਰਸੇਵਕ ਸਿੰਘ, ਸੰਤ ਗੁਰਨਾਮ ਸਿੰਘ ਪਾਠ ਦੀ ਸੁਧਾਈ ਕਰਾਉਂਦੇ ਸਨ ਅਤੇ ਲਗਾਂ ਮਾਤਰਾਂ ਦਾ ਸਹੀ ਉਚਾਰਨ ਕਰਨਾ ਦੱਸਦੇ ਸਨ। ਪਹਿਲੀ ਕਲਾਸ ਦੀ ਸਮਾਪਤੀ ਉਪਰੰਤ ਰੋਜਾਨਾ ਲੱਡੂ ਅਤੇ ਬਰਫੀ ਦਾ ਪਰਸਾਦ ਵਰਤਦਾ ਰਿਹਾ। ਦੂਸਰੀ ਕਲਾਸ 11:45 ਤੋਂ 1:45 ਤੱਕ ਲਗਦੀ ਸੀ ਜਿਸ ਵਿੱਚ ਰਾਗੀ ਸ਼ਾਮ ਸਿੰਘ, ਕਵੀਸ਼ਰ ਗੁਰਸੇਵਕ ਸਿੰਘ, ਸੰਤ ਗੁਰਨਾਮ ਸਿੰਘ, ਜਥੇਦਾਰ ਹਰਪਾਲ ਸਿੰਘ ਵਾਰੀ ਵਾਰੀ ਪਾਠ ਕਰਦੇ ਸਨ ਅਤੇ ਸ੍ਰੀ ਮਾਨ ਸੰਤ ਨਿਸ਼ਾਨ ਸਿੰਘ ਜੀ ਪਾਠ ਦੀਆਂ ਬਰੀਕੀਆਂ, ਪਾਠ ਦਾ ਸਹੀ ਉੱਚਾਰਨ, ਲਗ-ਮਾਤਰਾ, ਬਿਸਰਾਮ ਬਾਰੇ ਬਹੁਤ ਵਧੀਆ ਢੰਗ ਨਾਲ ਦੱਸਦੇ। ਸੰਤ ਜੀ ਦਾ ਪਾਠ ਦੀ ਬਰੀਕੀ ਨੂੰ ਦੱਸਣ ਦਾ ਢੰਗ ਬਹੁਤ ਹੀ ਵਧੀਆ ਸੀ, ਜਿਸ ਨਾਲ ਬੱਚਿਆਂ ਨੂੰ ਆਸਾਨੀ ਦੇ ਨਾਲ ਆਪਣੀ ਗਲਤੀ ਦਾ ਪਤਾ ਲਗ ਜਾਂਦਾ ਸੀ ਕਿ ਅਸੀਂ ਕਿੱਥੇ ਪਾਠ ਗਲਤ ਕਰ ਰਹੇ ਹਾਂ। ਮੈਂ ਇੱਕ ਉਦਾਹਰਣ ਦੇ ਤੌਰ ਤੇ ਦੱਸ ਦਿਆਂ- ਸੰਤ ਜੀ ਨੇ ਦੱਸਿਆ ਕਿ ਵਿਸਰਾਮ ਕਿੰਨ੍ਹਾ ਜਿਆਦਾ ਮਹੱਤਤਾ ਰੱਖਦਾ ਹੈ। ਇਕ ਦਿਨ ਪਾਠ ਕਰਦਿਆਂ ਇੱਕ ਬੱਚੇ ਨੇ ਪਾਠ ਕੀਤਾ-
ਨਾਨਕ ਮਨਮੁਖਿ ਥਾਉ ਨ ਪਾਏ ਬਿਨੁ ਗੁਰ ਅਤਿ ਪਿਆਰੇ॥

ਉਸ ਬੱਚੇ ਨੇ ਨਾਨਕ ਤੇ ਵਿਸਰਾਮ ਨਹੀਂ ਲਾਇਆ ਅਤੇ ਪਾਠ ਬਣ ਗਿਆ 'ਨਾਨਕ ਮਨਮੁਖਿ।' ਅਰਥ ਦਾ ਅਨਰਥ ਹੋ ਗਿਆ। ਸੰਤ ਜੀ ਨੇ ਦੱਸਿਆ ਕਿ ਇਸ ਪਾਠ ਨੂੰ ਨਾਨਕ ਤੇ ਵਿਸਰਾਮ ਲਗਾ ਕੇ ਪੜ੍ਹਣਾ ਹੈ। ਹੋਰ ਬਹੁਤ ਸਾਰੇ ਸ਼ਬਦਾਂ ਨੂੰ ਕਿਵੇਂ ਉਚਾਰਨ ਕਰਨਾ ਹੈ। ਕਿੱਥੇ ਅੱਧਕ ਲਗਣੀ ਹੈ ਅਤੇ ਕਿਸ ਸ਼ਬਦ ਨੂੰ ਪੋਲਾ ਪੜਣਾ ਹੈ। ਉਸ ਬਾਰੇ ਵੀ ਸੰਤ ਜੀ ਜਾਣਕਾਰੀ ਦੇਕੇ ਸੰਥਿਆ ਦੇਂਦੇ ਰਹੇ। ਬੱਚੇ ਇਸ ਜਾਣਕਾਰੀ ਨੂੰ ਆਪਣੀ ਕਾਪੀ ਤੇ ਨੋਟ ਕਰ ਲੈਂਦੇ ਸਨ। ਯਕੀਨਨ ਇਸ ਪਾਠ ਬੋਧ ਸਮਾਗਮ ਦੇ ਨਾਲ ਬੱਚਿਆਂ ਅਤੇ ਸਾਧਸੰਗਤ ਨੂੰ ਬਹੁਤ ਲਾਭ ਹੋਇਆ ਹੈ। ਦੋਨੋਂ ਕਲਾਸਾਂ ਵਿੱਚ ਜ਼ੂਮ ਐਪ ਰਾਹੀਂ ਵੀ ਸਾਧ ਸੰਗਤ ਲਾਹਾ ਲੈਂਦੀ ਰਹੀ।

੨੮ ਜੂਨ ੨੦੨੫ ਨੂੰ ਇਸ ਪਾਠ ਬੋਧ ਸਮਾਗਮ ਦਾ ਸਮਾਪਨ ਹੋਇਆ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਜ਼ੂਮ ਐਪ ਰਾਹੀਂ ਦਰਸਨ ਦੇਕੇ ਸਾਰੇ ਸਿਖਿਆਰਥੀਆਂ ਨੂੰ ਸ਼ਾਬਾਸ਼ ਅਤੇ ਖੁਸ਼ੀਆਂ ਦਿੰਦਿਆਂ ਹੋਇਆ ਬਚਨ ਕੀਤੇ- ਕਿ ਸੰਤ ਨਿਸ਼ਾਨ ਸਿੰਘ ਜੀ ਨੇ ਬਹੁਤ ਕਿਰਪਾ ਕੀਤੀ ਹੈ। ਜੋ ਇਹ ਪਾਠ ਬੋਧ ਸਮਾਗਮ ਕੀਤਾ ਹੈ। ਸਤਿਗੁਰੂ ਜੀ ਬਚਨ ਕੀਤਾ ਕਿ- ਬੱਚੇ ਰੋਜ ਗੁਰਬਾਣੀ ਦੇ ਪੰਜ ਪੱਤਰੇ ਪੜ੍ਹਣ ਦਾ ਨਿਯਮ ਬਨਾਉਣ ਅਤੇ ਕਿਸੇ ਇੱਕ ਪੰਗਤੀ ਤੇ ਵਿਚਾਰ ਕਰਕੇ ਉਸ ਨੂੰ ਆਪਣੇ ਜੀਵਨ ਵਿੱਚ ਲਾਗੂ ਕਰਨ। ਸਮਾਪਤੀ ਵਾਲੇ ਦਿਨ ਸਾਰੇ ਸਿਖਿਆਰਥੀਆਂ ਨੂੰ ਸ੍ਰੀ ਸਤਿਗੁਰੂ ਜੀ ਵਾਲੀ ਕੋਠੀ ਵਿੱਚ ਪੀਜਿਆਂ ਦਾ ਲੰਗਰ ਛਕਾਇਆ ਗਿਆ। ਸ੍ਰੀ ਸਤਿਗੁਰੂ ਜੀ ਕਿਰਪਾ ਕਰਨ ਇਸ ਤਰਾਂ ਦਾ ਪਾਠ ਬੋਧ ਸਮਾਗਮ ਅੱਗੇ ਵੀ ਹੁੰਦਾ ਰਹੇ ਤਾਂ ਕਿ ਬੱਚਿਆਂ ਨੂੰ ਸ਼ੁੱਧ ਪਾਠ ਕਰਨ ਦੀ ਸੰਥਿਆ ਮਿਲਦੀ ਰਹੇ।

**ਜਥੇ. ਹਰਪਾਲ ਸਿੰਘ**

## ਭਾਸ਼ਣ ਮੁਕਾਬਲਾ 2025

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਅਤੇ ਰਹਿਨੁਮਾਈ ਹੇਠ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਵਿਸ਼ਵ ਨਾਮਧਾਰੀ ਵਿੱਦਿਅਕ ਜਥੇ ਵਲੋਂ ਨਾਮਧਾਰੀ ਸੰਗਤ, ਨਾਮਧਾਰੀ ਵਿੱਦਿਅਕ ਜਥਾ ਲੁਧਿਆਣਾ ਦੇ ਸਹਿਯੋਗ ਨਾਲ 22 ਜੂਨ ਨੂੰ ਭਾਸ਼ਣ ਮੁਕਾਬਲਾ ਕਰਵਾਇਆ ਗਿਆ। ਭਾਸ਼ਣ ਦੇ ਵਿਸ਼ੇ ਸਨ-

1) ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ
2) ਨਾਮਧਾਰੀ ਪੰਥ ਵਲੋਂ ਸਮਾਜ ਸੁਧਾਰ ਵਿੱਚ ਇਤਿਹਾਸਕ

ਯੋਗਦਾਨ
3) ਗੁਰਬਾਣੀ ਅਨੁਸਾਰ ਜੀਵਨ-ਜਾਂਚ
4) ਮਨੁੱਖੀ ਜੀਵਨ ਵਿੱਚ ਪਰਿਵਾਰਕ/ਸਮਾਜਕ ਰਿਸ਼ਤਿਆਂ ਦੀ ਮਹੱਤਤਾ

14 ਤੋਂ 18 ਅਤੇ 19 ਤੋਂ 25 ਸਾਲ ਦੇ ਦੋ ਗਰੁੱਪਾਂ ਵਿੱਚ ਪੰਜਾਬ, ਹਰਿਆਣਾ, ਚੰਡੀਗੜ, ਦਿੱਲੀ ਅਤੇ ਹਿਮਾਚਲ ਤੋਂ ਕਰੀਬ 50 ਸਿਖਿਆਰਥੀਆਂ ਨੇ ਹਿੱਸਾ ਲਿਆ। 9:30 ਵਜੇ ਮੰਚ ਤੋਂ ਦੋਨੋ ਜੱਜ ਸਾਹਿਬਾਨ ਡਾ. ਹਰਵਿੰਦਰ ਸਿੰਘ ਸਿਰਸਾ (ਮੀਤ ਪ੍ਰਧਾਨ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ) ਅਤੇ ਸ. ਗੁਰਲਾਲ ਸਿੰਘ ਜੀ (ਸੰਪਾਦਕ ਸਤਿਜੁਗ) ਦਾ ਪ੍ਰਬੰਧਕਾਂ ਵਲੋਂ ਸਵਾਗਤ ਕਰ ਸਮਾਗਮ ਦੀ ਸ਼ੁਰੂਅਤ ਕੀਤੀ ਗਈ।

ਡਾ. ਹਰਵਿੰਦਰ ਸਿੰਘ ਜੀ ਨੇ ਭਾਸ਼ਣ ਦੇਣ ਵਾਲੇ ਬੱਚਿਆਂ ਦੀ ਹੌਂਸਲਾ ਅਫਜਾਈ ਕਰਦਿਆਂ ਕਿਹਾ ਕਿ ਮੈਨੂੰ ਬਹੁਤ ਖੁਸ਼ੀ ਹੈ ਅੱਜ ਜੋ ਮੈਨੂੰ ਅੱਜ ਦੇ ਇਸ ਸਮਾਗਮ ਵਿੱਚ ਸ਼ਾਮਲ ਹੋਣ ਦਾ ਮਾਣ ਮਹਿਸੂਸ ਹੋ ਰਿਹਾ ਹੈ। ਬਲਵੀਰ ਸਿੰਘ ਅਤੇ ਸ. ਧਿਆਨ ਸਿੰਘ ਜੀ ਨੇ ਜਿਥੇ ਅਏ ਹੋਏ ਬੱਚਿਆਂ, ਸਾਧ ਸੰਗਤ, ਪਤਵੰਤੇ ਸੱਜਣਾਂ ਅਤੇ ਜੱਜ ਸਾਹਿਬਾਨਾਂ ਨੂੰ ਜੀ ਆਇਆਂ ਆਖਿਆ। ਸੁੰਦਰ ਸਿੰਘ ਜੀ ਵਲੋਂ ਸਟੇਜ ਦੀ ਕਾਰਵਾਈ ਸੰਭਾਲੀ ਅਤੇ 14 ਤੋਂ 18 ਸਾਲ ਦੇ ਸਿਖਿਆਰਥੀਆਂ ਨੇ ਆਪੋ ਆਪਣੀ ਵਾਰੀ ਨਾਲ ਆਪਣਾ ਭਾਸ਼ਣ ਦਿੱਤਾ।

ਸੂਬਾ ਹਰਭਜਨ ਸਿੰਘ ਜੀ ਨੇ ਆਏ ਪਤਵੰਤੇ ਸਜਣਾ ਵਿਸ਼ੇਸ਼ ਤੋਰ ਤੇ ਆਏ ਸੂਬਾ ਬਲਵਿੰਦਰ ਸਿੰਘ ਜੀ (ਪ੍ਰਧਾਨ ਨਾਮਧਾਰੀ ਦਰਬਾਰ) ਦਾ ਸਵਾਗਤ ਕੀਤਾ ਅਤੇ ਨਾਮਧਾਰੀ ਸੰਗਤ ਵਲੋਂ ਸੂਬਾ ਜੀ ਦਾ ਸਨਮਾਨ ਕੀਤਾ ਗਿਆ। ਗੁਰਮੀਤ ਸਿੰਘ ਚਾਨਾ ਨੇ ਕਿਹਾ ਕਿ ਇਹ ਜੋ ਸਮਾਗਮ ਕਰਨ ਦੀ ਪਹਿਲ ਲੁਧਿਆਣਾ ਵਲੋਂ ਹੋਈ ਇਹਦੀ ਜਿੰਨੀ ਪ੍ਰਸ਼ੰਸਾ ਕੀਤੀ ਜਾਵੇ ਘੱਟ ਹੈ।

ਸੂਬਾ ਬਲਵਿੰਦਰ ਸਿੰਘ ਜੀ ਨੇ ਬੋਲਦਿਆਂ ਕਿਹਾ ਕਿ ਇਸ ਤਰਾਂ ਦੇ ਸਮਾਗਮ ਸਾਨੂੰ ਜ਼ਰੂਰ ਕਰਵਾਉਣੇ ਚਾਹੀਦੇ ਹਨ ਮੈਨੂੰ ਬੜੀ ਖੁਸ਼ੀ ਹੋਈ ਕਿ ਅੱਜ ਅਸੀਂ ਦੇਸ ਦੇ ਅਲੱਗ-ਅਲੱਗ ਹਿੱਸਿਆਂ ਤੋਂ ਆਏ ਬੱਚਿਆਂ ਨੂੰ ਸੁਣ ਪਾ ਰਹੇ ਹਾਂ। ਇਸ ਦੇ ਨਾਲ ਹੀ 19 ਤੋਂ 25 ਸਾਲ ਦੇ ਸਿਖਿਆਰਥੀ ਬੱਚਿਆਂ ਦੇ ਭਾਸ਼ਣ ਆਰੰਭ ਹੋਏ। ਇਸ ਗਰੁੱਪ ਵਿੱਚ ਭਾਵੇਂ ਬੱਚੇ ਬਹੁਤ ਘੱਟ ਸਨ ਪਰ ਉਹਨਾਂ ਵਿੱਚ ਜਜਬਾ ਬਹੁਤ ਸੀ।

ਦੋਨੋਂ ਗਰੁੱਪਾਂ ਦੇ ਮੁਕਾਬਲੇ ਦੀ ਸਮਾਪਤੀ ਤੋਂ ਬਾਅਦ ਬੋਲਦਿਆਂ ਸ. ਗੁਰਲਾਲ ਸਿੰਘ ਜੀ ਨੇ ਕਿਹਾ ਕਿ ਜਦੋਂ ਇਸ ਸਮਾਗਮ ਦੀ ਵਿਉਂਤ ਸ੍ਰੀ ਸਤਿਗੁਰੂ ਜੀ ਦੀ ਆਗਿਆ ਲੈ ਬਣਾਈ ਗਈ ਸੀ ਤਾਂ ਇਹੀ ਸੋਚਿਆ ਸੀ ਕਿ ਬੱਚਿਆਂ ਨੂੰ ਬੋਲਣ ਦੀ, ਲਿਖਣ ਦੀ ਜਾਚ ਤਾਂ ਆਵੇਗੀ ਹੀ ਨਾਲ ਦੀ ਨਾਲ ਅਸੀਂ ਆਪਣੀ ਗੱਲ ਪੂਰੇ ਸਮਾਜ ਵਿੱਚ ਅਤੇ ਸਮਾਜ ਦੀ ਗੱਲ ਬਾਹਰਲੇ ਬੱਚਿਆਂ ਰਾਹੀਂ ਸਾਡੇ ਤੱਕ ਪਹੁੰਚੇਗੀ ਤੇ ਸਾਡੀ ਸਾਂਝ ਹੋਰ ਗੂੜ੍ਹੀ ਹੋਵੇਗੀ। ਉਹਨਾਂ ਨੇ ਕਿਹਾ ਕਿ ਸਾਰਿਆਂ ਨੇ ਬਹੁਤ ਤਿਆਰੀ ਕਰ ਕੇ ਆਪਣਾ ਭਾਸ਼ਣ ਬੋਲਿਆ ਹੈ ਪਰ ਅਜੇ ਸਾਨੂੰ ਹੋਰ ਵੀ ਬਹੁਤ ਮਿਹਨਤ ਕਰਨ ਦੀ ਲੋੜ ਹੈ ਜੋ ਅਸੀਂ ਕਰਦੇ ਰਹੀਏ ਤਾਂ ਜੋ ਸਾਡੇ ਬੱਚੇ ਬਹੁਤ ਵੱਡੇ-ਵੱਡੇ ਸਟੇਜਾਂ ਤੇ ਬੋਲ ਸਕਣ।

ਡਾ. ਹਰਵਿੰਦਰ ਸਿੰਘ ਜੀ ਨੇ ਪ੍ਰਬੰਧਕਾਂ ਦੀ ਪ੍ਰਸ਼ੰਸਾ ਕਰਦਿਆ ਕਿਹਾ ਕਿ ਅੱਜ ਦਾ ਸਮਾਗਮ ਬਹੁਤ ਵਧੀਆ ਤੇ ਨਿਵੇਕਲਾ ਹੋਇਆ ਹੈ ਬੱਚਿਆਂ ਨੇ ਬਹੁਤ ਤਿਆਰੀ ਕੀਤੀ ਹੋਈ ਸੀ ਸਾਨੂੰ ਰਿਜਲਟ ਕੱਢਣਾ ਮੁਸ਼ਕਲ ਹੋ ਰਿਹਾ ਸੀ ਕਿਉਂ ਕੇ ਮੁਕਾਬਲਾ ਬਹੁਤ ਨੇੜੇ ਨੇੜੇ ਸੀ। ਸਾਡੇ ਲਈ ਤਾਂ ਸਾਰੇ ਹੀ ਜੇਤੂ ਨੇ ਪਰ ਸਾਨੂੰ ਕੁੱਝ ਬੱਚਿਆਂ ਨੂੰ ਅੱਗੇ ਕਰਨਾਂ ਪਿਆ ਕਿਉਂ ਜੋ ਉਹਨਾਂ ਨੇ ਬਹੁਤ ਜਿਆਦਾ ਮਿਹਨਤ ਕੀਤੀ ਸੀ। ਜੇਤੂ ਬੱਚਿਆਂ ਨੂੰ ਇਨਾਮ (ਕੈਸ਼, ਟਰਾਫੀ, ਸਰਟੀਫਿਕੇਟ, ਅਤੇ ਨਿਸ਼ਾਨੀ) ਵੰਡੇ ਗਏ। ਇਨਾਮ ਲੈਣ ਵਾਲੇ ਸਿਖਿਆਰਥੀ ਸਨ- 14 ਤੋਂ 18 ਸਾਲ-

ਪਹਿਲਾ ਸਥਾਨ- ਹਰਲੀਨ ਕੌਰ ਫਤਿਹਆਬਾਦ, ਹਰਿਆਣਾ
ਦੂਸਰਾ ਇਨਾਮ- ਬਲਜੀਤ ਸਿੰਘ ਸ੍ਰੀ ਭੈਣੀ ਸਾਹਿਬ
ਤੀਸਰਾ ਇਨਾਮ- ਪੂਜਾ ਕੁਮਾਰੀ ਲੁਧਿਆਣਾ
ਹੌਂਸਲਾ ਵਧਾਉ- ਗੁਰਸ਼ਿਮਰਨ ਕੌਰ ਧੂਰੀ, ਤਾਰਾ ਸਿੰਘ ਯਮੁਨਾਨਗਰ, ਤਰਨ ਕੌਰ ਲੁਧਿਆਣਾ

19 ਤੋਂ 25 ਸਾਲ

**ਪਹਿਲਾ ਸਥਾਨ-** ਗੁਰਨੀਤ ਕੌਰ ਲੁਧਿਆਣਾ
**ਦੂਸਰਾ ਸਥਾਨ-** ਬਸੰਤ ਸਿੰਘ ਲੁਧਿਆਣਾ
**ਤੀਸਰਾ ਈਨਾਮ-** ਸੁਰਿੰਦਰ ਕੌਰ ਲੁਧਿਆਣਾ
**ਹੌਂਸਲਾ ਵਧਾਉ-**ਤ੍ਰਿਪਤ ਕੌਰ ਲੁਧਿਆਣਾ, ਸ਼ਿਆਮ ਸਿੰਘ ਲੁਧਿਆਣਾ ਨੇ ਪ੍ਰਾਪਤ ਕੀਤੇ (ਕੈਸ਼ ਪ੍ਰਾਈਜ 5100, 3100, 2100 ਅਤੇ 1100) ਸੀ। ਸੂਬਾ ਹਰਭਜਨ ਸਿੰਘ ਜੀ ਅਤੇ ਲੁਧਿਆਣਾ ਦੇ ਪ੍ਰਬੰਧਕਾਂ ਵਲੋਂ ਆਏ ਮਹਿਮਾਨਾਂ, ਜੱਜ ਸਾਹਿਬਾਨਾਂ ਦਾ ਸਨਮਾਨ ਕੀਤਾ ਗਿਆ।

**ਬਲਵੀਰ ਸਿੰਘ**

..........................................................

## ਨਿਊਜ਼ੀਲੈਂਡ ਦੇ ਨੌਜਵਾਨਾਂ ਨੇ ਸ੍ਰੀ ਅਖੰਡ ਪਾਠ ਸਾਹਿਬ ਦਾ ਪਾਠ ਕੀਤਾ

ਨਿਊਜ਼ੀਲੈਂਡ ਵਿੱਚ ਵੱਸਦੀ ਸਾਧ ਸੰਗਤ ਤੇ ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਹੈ ਜੋ ਕਿ ਪ੍ਰਦੇਸ ਵਿੱਚ ਰਹਿ ਕੇ ਆਪਣੀਆਂ ਧਾਰਮਿਕ ਗਤੀਵਿਧੀਆਂ ਨੂੰ ਮਰਿਯਾਦਾ



ਸਹਿਤ ਜਾਰੀ ਰੱਖਣ ਵਿੱਚ ਹਰ ਸੰਭਵ ਯਤਨ ਕਰਦੀ ਹੈ। ਸੋ ਇੱਥੋਂ ਦੇ ਨੌਜਵਾਨਾਂ ਨੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਨਾਲ ਅਖੰਡ ਪਾਠ ਸਾਹਿਬ ਕਰਨ ਦਾ ਉਪਰਾਲਾ ਕੀਤਾ ਜਿਸਦੀ ਸਮਾਪਤੀ 'ਤੇ ਸਮੂਹ ਸੰਗਤਾਂ ਨੇ ਭਰਵੀਂ ਗਿਣਤੀ ਵਿੱਚ ਹਾਜ਼ਰੀ ਭਰੀ। ਮਿਤੀ 13 ਜੂਨ ਨੂੰ ਸੁੱਚ-ਸ਼ੋਧ ਦੇ ਨਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਤੇ ਨਾਮਧਾਰੀ ਸੰਗਤ ਦੀ ਚੜ੍ਹਦੀ ਕਲਾ ਲਈ ਅਖੰਡ ਪਾਠ ਅਰੰਭ ਕੀਤਾ ਗਿਆ ਤੇ 15 ਜੂਨ ਨੂੰ ਸਮਾਪਤੀ ਹੋਈ। ਭੋਗ ਦੇ ਸਲੋਕਾਂ ਉਪਰੰਤ ਕਥਾ ਕੀਰਤਨ ਤੇ ਦੀਵਾਨ ਵੀ ਸਜਾਏ ਗਏ। ਸੋਧ ਦੇ ਜਲ ਦਾ ਪ੍ਰਬੰਧ ਨੌਜਵਾਨਾਂ ਨੇ ਹਨੂਆ ਫਾਲ (ਆਕਲੈਂਡ ਦਾ ਇੱਕ ਝਰਨਾ) ਤੋਂ ਕੀਤਾ। ਇਸ ਸਮੇਂ ਨਿਊਜ਼ੀਲੈਂਡ ਵਿੱਚ ਸਰਦੀ ਹੈ ਤੇ ਬਾਰਿਸ਼ ਵੀ ਹੁੰਦੀ ਰਹਿੰਦੀ ਹੈ। ਇਹੋ ਜਿਹੇ ਮੌਸਮ ਵਿੱਚ ਅਤੇ ਰੁਝੇਵਿਆਂ ਭਰੇ ਜੀਵਨ ਚੋਂ ਸੰਗਤ ਦੇ ਕਾਰਜ ਨੂੰ ਤਰਜੀਹ ਦਿੰਦਿਆਂ ਸਮੂਹ ਨੌਜਵਾਨਾਂ ਸਰਵ ਸੰਤ ਗੰਗਾ ਸਿੰਘ, ਗੁਰਸੇਵਕ ਸਿੰਘ, ਸਤਨਾਮ ਸਿੰਘ, ਕਰਮਵੀਰ ਸਿੰਘ, ਗੁਰਸ਼ਰਨ ਸਿੰਘ, ਕਰਮ ਸਿੰਘ, ਗੁਰਮੇਲ ਸਿੰਘ, ਰੇਸ਼ਮ ਸਿੰਘ, ਗਿਆਨ ਸਿੰਘ, ਗੁਰਮੁਖ ਸਿੰਘ, ਨਵਦੀਪ ਸਿੰਘ, ਵਰਿਆਮ ਸਿੰਘ ਆਦਿ ਨੇ ਪੂਰੀ ਸ਼ਿੱਦਤ ਨਾਲ ਸੇਵਾ ਕੀਤੀ। ਸਮਾਪਤੀ ਤੇ ਵਰਿੰਦਰ ਸਿੰਘ ਤੇ ਵੀਰ ਸਿੰਘ ਦੇ ਜਥੇ ਨੇ ਕਵੀਸ਼ਰੀ ਰਾਹੀਂ ਸਤਿਗੁਰਾਂ ਦਾ ਹਰਜਸ ਸੰਗਤਾਂ ਨੂੰ ਸਰਵਣ ਕਰਵਾਇਆ। ਜੈਤਾ ਸਿੰਘ ਤੇ ਬੀਬੀ ਦਿਆਲ ਕੌਰ ਦੇ ਜੱਥੇ ਨੇ ਗੁਰਬਾਣੀ ਦਾ ਕੀਰਤਨ ਕੀਤਾ। ਛੋਟੇ ਬੱਚਿਆਂ ਨੇ ਮੂਲ ਮੰਤਰ ਦੇ ਜਪੁਜੀ ਸਾਹਿਬ ਦਾ ਪਾਠ ਸੰਗਤ ਵਿੱਚ ਖਲੋ ਕੇ ਕੀਤਾ। ਸਮੂਹ ਸੰਗਤਾਂ ਲਈ ਗੁਰੂ ਕਾ ਲੰਗਰ ਤਿੰਨੋਂ ਦਿਨ ਅਤੁੱਟ ਵਰਤਾਇਆ ਗਿਆ। ਸੋ ਇਹ ਸਮਾਗਮ ਸਤਿਗੁਰੂ ਜੀ ਦੀ ਕਿਰਪਾ ਨਾਲ ਨਿਰਵਿਘਨਤਾ ਸਹਿਤ ਸੰਪੂਰਨ ਹੋਇਆ। ਸਮੂਹ ਨੌਜਵਾਨਾਂ ਨੇ ਆਈ ਹੋਈ ਸੰਗਤ ਦਾ ਤੇ ਇਸ ਕਾਰਜ ਵਿੱਚ ਤਨ, ਮਨ ਤੇ ਧਨ ਨਾਲ ਸੇਵਾ ਕਰਨ ਵਾਲੇ ਸਰੀਰਾਂ ਦਾ ਧੰਨਵਾਦ ਵੀ ਕੀਤਾ।

**ਪ੍ਰੋ. ਗੁਰਪ੍ਰੀਤ ਸਿੰਘ**

.......................................................

## ਸ. ਸੋਹਣ ਸਿੰਘ ਜੀ ਅਕਾਲ ਚਲਾਣਾ ਕਰ ਗਏ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨਿੰਨ ਸੇਵਕ ਭਾਈ ਵਜ਼ੀਰ ਸਿੰਘ ਜੀ ਦੇ ਪਰਿਵਾਰ ਵਿੱਚੋਂ ਸੰਤ ਹਰਜੀਤ ਸਿੰਘ ਜੀ ਦੇ ਵੱਡੇ ਸਪੁੱਤਰ ਸ. ਸੋਹਣ ਸਿੰਘ ਜੀ ਪਿਛਲੇ ਦਿਨੀਂ ਅਕਾਲ ਪੁਰਖ ਵੱਲੋਂ ਬਖਸ਼ੀ ਸਵਾਸਾਂ ਰੂਪੀ ਪੂੰਜੀ ਭੋਗ ਅਕਾਲ ਚਲਾਣਾ ਕਰ ਗਏ। ਸੰਤ ਸੋਹਣ ਸਿੰਘ ਜੀ ਦੇ ਜੱਦੀ ਪਿੰਡ ਚੱਕ ਕੂਕਿਆਂ ਵਿਖੇ 24 ਜੂਨ 2025 ਨੂੰ ਉਹਨਾਂ ਦੇ



ਨਮਿਤ ਪਾਠ ਦੇ ਭੋਗ ਸਮੇਂ ਜਥੇਦਾਰ ਕਮਾਲ ਸਿੰਘ ਜੀ ਸ੍ਰੀ ਭੈਣੀ ਸਾਹਿਬ ਨੇ ਕਥਾ ਕੀਤੀ ਅਤੇ ਅੰਤਿਮ ਅਰਦਾਸ ਨਾਮਧਾਰੀ ਦਰਬਾਰ ਦੇ ਪ੍ਰਧਾਨ ਸੂਬਾ ਬਲਵਿੰਦਰ ਸਿੰਘ ਜੀ ਝੱਲ ਨੇ ਕੀਤੀ।

ਇਸ ਤੋਂ ਇਲਾਵਾ ਸੰਤ ਜਸਵੰਤ ਸਿੰਘ ਜੀ ਡੇਰਾ ਹਿੰਮਤਪੁਰਾ ਅਤੇ ਮਹੰਤ ਹਰਪਾਲ ਦਾਸ ਜੀ ਡੇਰਾ ਇਮਾਮਗੜ੍ਹ, ਸ. ਹਾਕਮ ਸਿੰਘ ਜੀ ਚੱਕ ਉਚੇਚੇ ਤੌਰ ’ਤੇ ਪੰਹੁਚ ਦਰਸ਼ਨ ਦਿੱਤੇ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

**ਹਰਦੇਵ ਸਿੰਘ ਚੱਕ ਕੂਕਿਆਂ**

.......................................................

# ਪਾਠ ਬੋਧ ਸਮਾਗਮ 2025







Date of Publication: 06 July 2025
Date of Posting: 08 July 2025

RNI NO.55658/93
LDM/008/2021-2023

ਸ੍ਰੀ ਗੁਰੂ ਤੇਗ ਬਹਾਦਰ ਦੀ ਦੇ 350ਵੇਂ ਸ਼ਹੀਦੀ ਦਿਹਾੜੇ ਅਤੇ 'ਮਾਂ ਬੋਲੀ ਪੰਜਾਬੀ' ਨੂੰ ਸਮਰਪਿਤ

# "ਭਾਸ਼ਣ ਮੁਕਾਬਲਾ"

ਸਥਾਨ: ਲੁਧਿਆਣਾ, ਪੰਜਾਬ ਮਿਤੀ: 22.06.2025











Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.